ਖ਼ੂਨਦਾਨ ਮਹਾਂਦਾਨ
ਸ਼੍ਰੀ ਹਰਿਕ੍ਰਿਸ਼ਨ ਚੈਰੀਟੇਬਲ ਸੁਸਾਇਟੀ
ਮਨੁੱਖਤਾ ਦੀ ਸੇਵਾ ਲਈ
ਹਰ ਪਲ, ਹਰ ਘੜੀ, ਹਰ ਕਦਮ
ਆਪ ਜੀ ਦੀ ਸੇਵਾ ਵਿੱਚ
ਲੋੜਵੰਦ ਪਰਿਵਾਰਾਂ ਲਈ ਮਹੀਨਾਵਾਰ ਰਾਸ਼ਨ
Email : shkcsp@gmail.com www.shkcsp.com
M. : 98761-36031, 98552-21430, 98143-28141, 98557-32101

# ਦੇਸੀ ਪੰਜਾਬ


ਪੰਜਾਬੀਅਤ ਦਾ ਪਹਿਰੇਦਾਰ




Desi Punjab Patiala Approved By : DAVP / D.E.PAPER ਪਟਿਆਲਾ ਤੋਂ ਪ੍ਰਕਾਸ਼ਿਤ
RNI : PUNPUN/2021/80887 www.desipunjab.in DESI PUNJAB October Email : desipunjabchannel@gmail.com
ਮੁੱਖ ਸੰਪਾਦਕ : ਨਵਤੇਜ ਸਿੰਘ ਮੋ. : 97800-66060 ਸੰਪਾਦਕ : ਹਰਪ੍ਰੀਤ ਸਿੰਘ ਮਾਹੀ 9876297268 ਫੋਨ : 0175-7962519

## ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਬਾਰੇ ਕਾਲਕਾ ਤੇ ਕਾਹਲੋਂ ਦੀ ਅਗਵਾਈ 'ਚ ਦਿੱਲੀ ਕਮੇਟੀ ਵਫਦ ਵੱਲੋਂ ਐਡਵੋਕੇਟ ਧਾਮੀ ਨਾਲ ਵਿਚਾਰ ਵਟਾਂਦਰਾ

Desi Punjab www.desipunjab.in



ਨਵੀਂ ਦਿੱਲੀ, 10 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਦਿੱਲੀ ਗੁਰਦੁਆਰਾ ਕਮੇਟੀ ਦੇ ਵਫਦ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਤਿਹਾਸਕ ਦਿਹਾੜਾ ਮਨਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਅੰਮ੍ਰਿਤਸਰ ਵਿਚ ਵਫਦ ਦੀ ਮੁਲਾਕਾਤ ਦੌਰਾਨ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਐਡਵੋਕੇਟ ਧਾਮੀ ਨੂੰ ਇਹ ਦਿਹਾੜਾ ਰਲ ਮਿਲ ਕੇ ਇਤਿਹਾਸਕ ਪੱਧਰ 'ਤੇ ਮਨਾਉਣ ਵਾਸਤੇ ਅਪੀਲ ਕੀਤੀ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀ ਸਭ ਤੋਂ ਵੱਡੀ ਸੰਸਥਾ ਹੈ ਤੇ ਇਸਨੂੰ ਇਹ ਇਤਿਹਾਸਕ ਦਿਹਾੜਾ ਮਨਾਉਣ ਵਿਚ ਦਿੱਲੀ ਗੁਰਦੁਆਰਾ ਕਮੇਟੀ ਨੂੰ ਸਹਿਯੋਗ ਦੇਣਾ ਚਾਹੀਦਾ ਹੈ ਕਿਉਂਕਿ ਗੁਰੂ ਸਾਹਿਬ ਦੀ ਸ਼ਹਾਦਤ ਤੇ ਉਹਨਾਂ ਦਾ ਅੰਤਿਮ ਸਸਕਾਰ ਦਿੱਲੀ ਵਿਚ ਹੀ ਹੋਇਆ ਸੀ ਜਿਥੇ ਅੱਜ ਗੁਰਦੁਆਰਾ ਸੀਸਗੰਜ ਸਾਹਿਬ ਤੇ ਗੁਰਦੁਆਰਾ ਰਕਾਬਗੰਜ ਸਾਹਿਬ ਸਥਿਤ ਹਨ।ਉਹਨਾਂ ਨੇ ਐਡਵੋਕੇਟ ਧਾਮੀ ਨੂੰ ਅਪੀਲ ਕੀਤੀ ਕਿ 23, 24 ਅਤੇ 25 ਨਵੰਬਰ ਨੂੰ ਲਾਲ ਕਿਲ੍ਹੇ 'ਤੇ ਵੱਡੇ ਸਮਾਗਮ ਹੋ ਰਹੇ ਹਨ ਜਿਸ ਵਾਸਤੇ ਸ਼੍ਰੋਮਣੀ ਕਮੇਟੀ ਨੂੰ ਵੱਧ ਚੜ੍ਹ ਕੇ ਸਹਿਯੋਗ ਦੇਣਾ ਚਾਹੀਦਾ ਹੈ। ਉਹਨਾਂ ਆਸ ਪ੍ਰਗਟ ਕੀਤੀ ਕਿ ਸ਼੍ਰੋਮਣੀ ਕਮੇਟੀ ਆਪ ਸਮੁੱਚੀ ਸਿੱਖ ਕੌਮ ਨੂੰ ਅਪੀਲ ਕਰੇਗੀ ਕਿ ਇਹਨਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇ। ਉਹਨਾਂ ਨੇ ਹੁਣ ਦੇ ਸਹਿਯੋਗ ਲਈ ਐਡਵੋਕੇਟ ਧਾਮੀ ਦਾ ਧੰਨਵਾਦ ਵੀ ਕੀਤਾ।

## ਜਦੋਂ ਇੱਕ ਉੱਚ ਪਦਵੀ ਤੇ ਬੈਠਾ ਪੁਲਿਸ ਅਫਸਰ ਸਰਕਾਰੀ ਢਾਂਚੇ ਤੋਂ ਦੁਖੀ ਹੋਕੇ ਆਤਮ ਹੱਤਿਆ ਕਰਦਾ ਹੈ ਸਿਸਟਮ ਲਈ ਇੱਕ ਦਰਪਣ ਦਰਸ਼ਨ ਅਤੇ ਥੱਪੜ ।ਗੁਰਿੰਦਰ ਸਿੰਘ ਢਿੱਲੋਂ, ਆਈਪੀਐਸ (ਰਿਟਾ.) ਸਾਬਕਾ ਐਡੀਜੀਪੀ ਪੰਜਾਬ

Desi Punjab www.desipunjab.in



ਹਰਿਆਣਾ ਕੈਡਰ ਦੇ ਇੱਕ ਸੀਨੀਅਰ ਆਈਪੀਐਸ ਅਫਸਰ ਵੱਲੋਂ ਕੀਤੀ ਗਈ ਆਤਮਹੱਤਿਆ ਸਿਰਫ਼ ਇੱਕ ਵਿਅਕਤੀਗਤ ਦੁਖਦਾਈ ਘਟਨਾ ਨਹੀਂ ਹੈ; ਇਹ ਪੂਰੀ ਪੁਲਿਸ ਭਾਈਚਾਰੇ ਅਤੇ ਪ੍ਰਸ਼ਾਸਕੀ ਤੰਤਰ ਲਈ ਦਰਦ, ਸ਼ਰਮ ਅਤੇ ਚਿੰਤਨ ਦਾ ਵਿਸ਼ਾ ਹੈ। ਇਹ ਸਾਡੀ ਉਸ ਪ੍ਰਣਾਲੀ ਉੱਤੇ ਵਿਸ਼ਵਾਸ ਨੂੰ ਹਿਲਾ ਦਿੰਦੀ ਹੈ ਜਿਸਦਾ ਮਕਸਦ ਹੀ ਸੇਵਾ ਕਰਨ ਵਾਲਿਆਂ ਦੀ ਰੱਖਿਆ ਕਰਨਾ ਹੈ।ਇਹ ਗੱਲ ਕਹਿਣੀ ਬਣਦੀ ਹੈ ਕਿ ਚੰਡੀਗੜ੍ਹ ਪੁਲਿਸ ਨੇ ਇਸ ਮਾਮਲੇ ਵਿੱਚ ਐਫਆਈਆਰ ਦਰਜ ਕੀਤੀ ਹੈ — ਭਾਵੇਂ ਇਹ ਕਦਮ ਕੁਝ ਦੇਰ ਨਾਲ ਆਇਆ ਹੋਵੇ। ਹੁਣ ਕਾਨੂੰਨ ਨੂੰ ਆਪਣੀ ਗਤੀ ਨਾਲ ਚਲਣ ਦਿਓ ਅਤੇ ਨਿਆਂ ਨੂੰ ਆਪਣੀ ਪੂਰੀ ਤਾਕਤ ਨਾਲ ਵਿਜੇਤਾ ਬਣਨ ਦਿਓ। ਸਿਰਫ਼ ਨਿਯਮਾਂ ਅਧਾਰਤ, ਨਿਰਪੱਖ ਅਤੇ ਵਿਗਿਆਨਕ ਜਾਂਚ ਹੀ ਸੱਚਾਈ ਸਾਹਮਣੇ ਲਿਆ ਸਕਦੀ ਹੈ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਠਘਰੇ ਤੱਕ ਲਿਆ ਸਕਦੀ ਹੈ।ਸ਼ੁੱਕਰਵਾਰ ਨੂੰ ਚੰਡੀਗੜ੍ਹ ਪੁਲਿਸ ਵੱਲੋਂ ਛੇ ਮੈਂਬਰੀ ਵਿਸ਼ੇਸ਼ ਜਾਂਚ ਟੀਮ (S I T) ਬਣਾਈ ਗਈ ਹੈ, ਜਿਸਦੀ ਅਗਵਾਈ ਇੱਕ ਆਈਜੀਪੀ ਰੈਂਕ ਦੇ ਅਧਿਕਾਰੀ ਵੱਲੋਂ ਕੀਤੀ ਜਾ ਰਹੀ ਹੈ ਅਤੇ ਇਸ ਵਿੱਚ ਹੋਰ ਦੋ ਆਈਪੀਐਸ ਅਫਸਰ ਸ਼ਾਮਲ ਹਨ। ਇਹ ਟੀਮ ਸੈਕਟਰ 11 ਪੁਲਿਸ ਸਟੇਸ਼ਨ ਵਿੱਚ ਦਰਜ ਐਫਆਈਆਰ ਤਹਿਤ ਆਈਪੀਐਸ ਅਧਿਕਾਰੀ ਸ਼੍ਰੀ ਵਾਈ. ਪੂਰਨ ਕੁਮਾਰ ਦੀ ਮੌਤ ਦੀ ਜਾਂਚ ਕਰੇਗੀ।ਮੈਂ ਖੁਦ ਚੰਡੀਗੜ੍ਹ ਪੁਲਿਸ ਮੁਖੀ ਸ਼੍ਰੀ ਹੁੱਡਾ ਆਈਪੀਐਸ ਅਤੇ ਐਸਐਸਪੀ ਕਨਵਰਦੀਪ ਕੌਰ ਨੂੰ ਬਹੁਤ ਹੀ ਇਮਾਨਦਾਰ, ਨਿਡਰ ਅਤੇ ਨਿਰਪੱਖ ਅਧਿਕਾਰੀ ਵਜੋਂ ਜਾਣਦਾ ਹਾਂ। ਸ਼੍ਰੀ ਹੁੱਡਾ ਆਈਪੀਐਸ ਦੀ ਸਿੱਧੀ ਨਿਗਰਾਨੀ ਹੇਠ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਜਾਂਚ ਸੱਚਾਈ ਅਤੇ ਨਿਆਂ ਦੇ ਰਾਹ 'ਤੇ ਅਡੋਲ ਰਹੇਗੀ, ਭਾਵੇਂ ਹਾਲਾਤ ਕਿੰਨੇ ਵੀ ਪੇਚੀਦੇ ਕਿਉਂ ਨਾ ਹੋਣ।ਫੌਜਦਾਰੀ ਜਾਂਚ ਤੋਂ ਇਲਾਵਾ, ਭਾਰਤ ਸਰਕਾਰ ਦਾ ਗ੍ਰਹਿ ਮੰਤਰਾਲਾ ਜਾਂ ਹਰਿਆਣਾ ਦੇ ਮੁੱਖ ਮੰਤਰੀ ਨੂੰ ਤਿੰਨ ਸੀਨੀਅਰ IAS ਅਧਿਕਾਰੀਆਂ ਦੀ ਇੱਕ ਉੱਚ ਪੱਧਰੀ ਕਮੇਟੀ ਬਣਾਉਣੀ ਚਾਹੀਦੀ ਹੈ — ਜਿਸਦੀ ਅਗਵਾਈ ਮਾਣਯੋਗ ਸੁਪਰੀਮ ਕੋਰਟ ਵੱਲੋਂ ਨਾਮਜ਼ਦ ਕਿਸੇ ਮੌਜੂਦਾ ਜੱਜ ਵੱਲੋਂ ਕੀਤੀ ਜਾਵੇ। ਇਸ ਕਮੇਟੀ ਨੂੰ ਉਹ ਗੰਭੀਰ ਤੇ ਸੰਸਥਾਗਤ ਮੁੱਦੇ ਵੇਖਣੇ ਚਾਹੀਦੇ ਹਨ ਜਿਨ੍ਹਾਂ ਨੇ ਇੱਕ ਹੋਣਹਾਰ ਅਫਸਰ ਨੂੰ ਇਸ ਤਰ੍ਹਾਂ ਦੇ ਮਨੋਵਿਗਿਆਨਕ ਅਤੇ ਪ੍ਰਸ਼ਾਸਕੀ ਸੰਕਟ ਵਿਚ ਧੱਕਿਆ ਹੋ ਸਕਦਾ ਹੈ।ਗੁਰਿੰਦਰ ਸਿੰਘ ਢਿੱਲੋਂ, ਆਈਪੀਐਸ (ਰਿਟਾ.) ਸਾਬਕਾ ਐਡੀਜੀਪੀ ਪੰਜਾਬ

## ਹਲਕਾ ਰਾਜਾਸਾਂਸੀ ਦੇ ਪਿੰਡ ਅਦਲੀਵਾਲਾ ਸਮੇਤ ਇਲਾਕੇ ਦੀਆਂ ਸੜਕਾਂ ਦੀ ਹਾਲਤ ਬਦ ਤੋਂ ਬਦਤਰ- ਰਾਜਾ ਲਦੇਹ, ਗੁਰਦੀਪ ਅਦਲੀਵਾਲਾ

### ਇੱਕ ਹਫ਼ਤੇ ਤੱਕ ਟੁੱਟੀਆਂ ਸੜਕਾਂ ਦਾ ਕੰਮ ਸ਼ੁਰੂ ਨਾ ਹੋਇਆ ਤਾਂ ਅੰਮ੍ਰਿਤਸਰ-ਏਅਰਪੋਰਟ ਰੋਡ ਜਾਮ ਕਰਕੇ ਹੀ ਕੀਤਾ ਜਾਵੇਗਾ ਚੱਕਾ ਜਾਮ



Desi Punjab www.desipunjab.in

ਰਣਜੀਤ ਸਿੰਘ ਮਸੌਣ ਅੰਮ੍ਰਿਤਸਰ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਸ.ਰਾਜਵਿੰਦਰ ਸਿੰਘ ਰਾਜਾ ਲਦੇਹ ਤੇ ਸਰਕਲ ਪ੍ਰਧਾਨ ਸ. ਗੁਰਦੀਪ ਸਿੰਘ ਸਾਬਕਾ ਸਰਪੰਚ ਅਦਲੀਵਾਲਾ ਨੇ ਕਿਹਾ ਕਿ ਹਲਕਾ ਰਾਜਾਸਾਂਸੀ ਅਧੀਨ ਪੈਂਦੇ ਪਿੰਡ ਅਦਲੀਵਾਲਾ ਤੋਂ ਵਾਇਆ ਮੁਗ਼ਲਾਣੀ ਕੋਟ, ਰਾਜਾਸਾਂਸੀ ਤੋਂ ਬੂਆਨੰਗਲੀ, ਮੱਲੂਨੰਗਲ, ਰਾਣੇਵਾਲੀ- ਲਦੇਹ ਤੋਂ ਅਜਨਾਲਾ ਏਅਰਪੋਰਟ ਰੋਡ ਸਮੇਤ ਹਲਕਾ ਰਾਜਾਸਾਂਸੀ ਦੀਆਂ ਸਾਰੀਆਂ ਸੜਕਾਂ ਦੀ ਹਾਲਤ ਬਦ ਤੋਂ ਬਦਤਰ ਹੋਈ ਪਈ ਹੈ ਪਰ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਵਿਰੋਧੀਆਂ ਤੇ ਸਿਆਸੀ ਕਿੜਾਂ ਕੱਢਣ ਤੋਂ ਵਿਹਲ ਨਹੀਂ। ਸਰਕਾਰ ਬਣੇ ਨੂੰ 4 ਸਾਲ ਹੋ ਚੁੱਕੇ ਹਨ ਤੇ ਸਿਰਫ਼ 1 ਸਾਲ ਦਾ ਸਮਾਂ ਬਾਕੀ ਰਹਿ ਗਿਆ ਹੈ ਪਰ ਪੰਜਾਬ ਸਰਕਾਰ ਨੇ ਸੜਕਾਂ ਨਵੀਆਂ ਤੇ ਕੀ ਬਣਾਉਣੀਆਂ ਸਨ, ਸਗੋਂ ਅਜੇ ਤੱਕ ਰਿਪੇਅਰ ਨਹੀਂ ਕਰਵਾ ਸਕੀ। ਜਿਸ ਕਾਰਨ ਇਲਾਕੇ ਦੇ ਲੋਕਾਂ ਵਿੱਚ ਸਰਕਾਰ ਖਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ ਤੇ ਲੋਕ ਠੱਗੇ ਠੱਗੇ ਮਹਿਸੂਸ ਕਰ ਰਹੇ ਹਨ। ਮੌਕੇ ਤੇ ਪੁੱਜੇ ਜਿਲ੍ਹਾ ਪ੍ਰਧਾਨ ਰਾਜਾ ਲਦੇਹ ਨੇ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਚਿਤਾਵਨੀ ਦਿੰਦਿਆਂ ਕਿ ਜੇਕਰ ਇੱਕ ਹਫ਼ਤੇ ਦੇ ਅੰਦਰ-ਅੰਦਰ ਟੁੱਟੀਆਂ ਸੜਕਾਂ ਦਾ ਕੰਮ ਸੁਰੂ ਨਾ ਕਰਾਇਆ ਗਿਆ ਤਾਂ ਅੰਮ੍ਰਿਤਸਰ-ਏਅਰਪੋਰਟ ਰੋਡ ਜਾਮ ਕਰਕੇ ਚੱਕਾ ਜਾਮ ਕੀਤਾ ਜਾਵੇਗਾ ਤੇ ਸਰਕਾਰ ਖਿਲਾਫ਼ ਧਰਨਾ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਸਰਕਾਰ ਨਵੀਆਂ ਸੜਕਾਂ ਬਣਾਉਣ ਦਾ ਕੰਮ ਸ਼ੁਰੂ ਨਹੀਂ ਕਰਦੀ। ਦੋਵਾਂ ਅਕਾਲੀ ਦਲ ਦੇ ਲੀਡਰਾਂ ਨੇ ਇਕਸੁਰ ਹੋ ਕਿ ਲੋਕਾਂ ਦੀ ਹਾਜ਼ਰੀ ਵਿੱਚ ਕਿਹਾ ਕਿ ਜਿਵੇ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਤਹਿਤ ਬਾਥਰੂਮਾਂ ਦੇ ਉਦਘਾਟਨ ਕੀਤੇ ਗਏ ਹਨ, ਉਸੇ ਤਰ੍ਹਾਂ ਘੱਟੋ-ਘੱਟ ਸੜਕਾਂ ਤੇ ਪੱਚ ਲਗਾਉਂਦਿਆਂ ਦਾ ਉਦਘਾਟਨ ਹੀ ਕਰ ਦਿਉ ਤਾਂ ਕਿ ਲੋਕਾਂ ਨੂੰ ਤੁਹਾਡੀ ਬਚੀ ਖੁੱਚੀ ਅਸਲੀਅਤ ਦਾ ਪਤਾ ਲੱਗ ਸਕੇ। ਇਸ ਮੌਕੇ ਇਲਾਕੇ ਦੀਆਂ ਪੰਚਾਇਤਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਗੁਰਦੀਪ ਸਿੰਘ ਸਾਬਕਾ ਸਰਪੰਚ ਅਦਲੀਵਾਲਾ ਸਰਕਲ ਪ੍ਰਧਾਨ, ਹਰਪ੍ਰੀਤ ਸਿੰਘ ਹੈਪੀ ਪੰਚ, ਰਜਿੰਦਰ ਸਿੰਘ, ਪ੍ਰਤਾਪ ਸਿੰਘ, ਬਚਿੱਤਰ ਸਿੰਘ ਫ਼ੌਜੀ, ਇੰਦਰਜੀਤ ਸਿੰਘ ਮੈਂਬਰ ਪੰਚਾਇਤ, ਗੁਰਮੀਤ ਸਿੰਘ ਡਾਇਰੈਕਟਰ ਤੇ ਕਰਮਬੀਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

## ਭੱਠਾ ਮਾਲਕਾਂ ਵੱਲੋਂ ਮਨਮਾਨੀ ਕਰਦਿਆਂ ਟਰੈਫਿਕ ਰੂਲਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਧੱਜੀਆਂ ਖੇਤੀਬਾੜੀ ਲਈ ਵਰਤੇ ਜਾਣ ਵਾਲੇ ਟਰੈਕਟਰ ਤੋਂ ਲਿਆ ਜਾ ਰਿਹਾ ਹੈ ਕਮਰਸ਼ੀਅਲ ਕੰਮ*

Desi Punjab www.desipunjab.in

ਸ੍ਰੀ ਚਮਕੌਰ ਸਾਹਿਬ 10 ਅਕਤੂਬਰ (ਹਰਦਿਆਲ ਸਿੰਘ ਸੰਧੂ)
ਗੁਰਪ੍ਰੀਤ ਸਿੰਘ ਭੂਰੜੇ ਅਤੇ ਗੁਰਦਰਸ਼ਨ ਸਿੰਘ ਢੋਲਣ ਮਾਜਰਾ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਡਿਵੀਜ਼ਨ ਸ੍ਰੀ ਚਮਕੌਰ ਸਾਹਿਬ ਵਿੱਚ ਕੁਝ ਭੱਠਾ ਮਾਲਕਾਂ ਵੱਲੋਂ ਮਨਮਾਨੀ ਕਰਦਿਆਂ ਟਰੈਫਿਕ ਰੂਲਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਜੋ ਕੰਮ ਟਰੱਕਾਂ ਤੋਂ ਲੈਣਾ ਚਾਹੀਦਾ ਹੈ ਉਹ ਕੰਮ ਟਰੈਕਟਰ ਟਰਾਲੀਆਂ ਤੋਂ ਲਿਆ ਜਾ ਰਿਹਾ ਹੈ ਜੋ ਕਿ ਟਰੈਫਿਕ ਰੂਲਾਂ ਦੀ ਸਰੇਆਮ ਉਲੰਘਣਾ ਕਰਦੇ ਹੋਏ ਕਮਰਸ਼ੀਅਲ ਕੰਮਾਂ ਲਈ ਟਰੈਕਟਰ ਟਰਾਲੀ ਦੀ ਵਰਤੋਂ ਕੀਤੀ ਜਾ ਰਹੀ ਹੈ । ਟਰੈਕਟਰ ਤੋਂ ਕਮਰਸ਼ੀਅਲ ਕੰਮ ਲੈਣ ਲਈ ਰਜਿਸਟਰੇਸ਼ਨ ਕਰਵਾਉਣ ਸਮੇਂ ਆਰ ਸੀ ਵਿੱਚ ਸਾਫ ਤੌਰ ਤੇ ਲਿਖਿਆ ਹੁੰਦਾ ਹੈ ਕਿ ਇਸ ਨੂੰ ਕਮਰਸ਼ੀਅਲ ਕੰਮ ਲਈ ਵਰਤਿਆ ਜਾ ਸਕਦਾ ਹੈ ਅਤੇ ਉਸ ਦੀ ਨੰਬਰ ਪਲੇਟ ਵੀ ਪੀਲੇ ਰੰਗ ਦੀ ਲਗਾਈ ਜਾਂਦੀ ਹੈ। ਭੱਠਾ ਮਾਲਕਾਂ ਵੱਲੋਂ ਸਰਾਸਰ ਟਰੈਫਿਕ ਰੂਲਾਂ ਦੀ ਉਲੰਘਣਾ ਕਰਦੇ ਹੋਏ ਇਸ ਤਰ੍ਹਾਂ ਕਮਰਸ਼ੀਅਲ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਦੇਖਣ ਵਿੱਚ ਇਹ ਵੀ ਸਾਹਮਣੇ ਆਇਆ ਕਿ ਇਨ੍ਹਾਂ ਦੇ ਡਰਾਈਵਰ ਕੋਲ ਕੋਈ ਲਾਇਸੈਂਸ ਅਤੇ ਟਰੈਕਟਰ ਦੇ ਜਰੂਰੀ ਕਾਗਜ਼ ਵੀ ਨਹੀਂ ਹੁੰਦੇ ਹਨ।
ਜਦੋਂ ਉਹਨਾਂ ਨਾਲ ਇਸ ਬਾਰੇ ਗੱਲ ਕੀਤੀ ਜਾਂਦੀ ਹੈ ਤਾਂ ਡਰਾਈਵਰ ਵੱਲੋਂ ਇੱਕ ਹੀ ਜਵਾਬ ਹੁੰਦਾ ਹੈ ਕਿ ਕਾਗਜ਼ ਪੱਤਰ ਭੱਠੇ ਤੇ ਪਏ ਨੇ, ਪ੍ਰੰਤੂ ਇਹ ਗੱਲਾਂ ਸਭ ਝੂਠੀਆਂ ਅਤੇ ਬੇਬੁਨਿਆਦ ਨੇ। ਉਹਨਾਂ ਇਹ ਵੀ ਕਿਹਾ ਕਿ ਜਦੋਂ ਇੱਟਾਂ ਦੀਆਂ ਭਰੀਆਂ ਟਰਾਲੀਆਂ ਸੜਕਾਂ ਤੇ ਤੇਜ਼ ਰਫਤਾਰ ਨਾਲ ਚੱਲਦੀਆਂ ਨੇ, ਨਾ ਹੀ ਇਹਨਾਂ ਤੇ ਤਰਪਾਲ ਹੁੰਦੀ ਹੈ ਅਤੇ ਨਾ ਹੀ ਉੱਡ ਰਹੀ ਮਿੱਟੀ ਘੱਟੇ ਨੂੰ ਲੈ ਕੇ ਕੋਈ ਪ੍ਰਬੰਧ ਕੀਤਾ ਹੁੰਦਾ ਹੈ ਜਿਸ ਕਾਰਨ ਪਿੱਛੇ ਆ ਰਹੇ ਰਾਹਗੀਰਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਕਈ ਵਾਰ ਹਾਦਸੇ ਵੀ ਵਾਪਰਦੇ ਹਨ। ਇਸ ਮੌਕੇ ਜਦੋਂ ਟਰੈਫਿਕ ਇੰਚਾਰਜ ਕੁਲਵਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਵੱਲੋਂ ਕਿਹਾ ਗਿਆ ਕਿ ਭੱਠੇ ਵਾਲਿਆਂ ਨੂੰ ਅਸੀਂ ਪਹਿਲਾਂ ਵੀ ਕਈ ਵਾਰ ਵਾਰਨਿੰਗ ਦੇ ਚੁੱਕੇ ਹਾਂ ਕਿ ਖੇਤੀਵਾੜੀ ਲਈ ਵਰਤੋਂ ਚ ਲਿਆਉਣ ਵਾਲੇ ਟਰੈਕਟਰਾਂ ਨੂੰ ਕਮਰਸ਼ੀਅਲ



ਕੰਮਾਂ ਲਈ ਨਾਂ ਵਰਤਿਆ ਜਾਵੇ ਉਨ੍ਹਾਂ ਕਿਹਾ ਕਿ ਵਾਰ-ਵਾਰ ਚਿਤਾਵਨੀ ਦੇਣ ਦੇ ਬਾਵਜੂਦ ਵੀ ਭੱਠਾ ਮਾਲਕ ਆਪਣੀ ਮਨਮਾਨੀ ਕਰ ਰਹੇ ਨੇ ਉਹਨਾਂ ਨੂੰ ਅਸੀਂ ਇੱਕ ਵਾਰ ਫਿਰ ਤੋਂ ਵਾਰਨਿੰਗ ਦੇ ਰਹੇ ਹਾਂ ਕਿ ਕਮਰਸ਼ੀਅਲ ਵਹਾਨਾ ਨਾਲ ਹੀ ਇੱਟਾਂ ਦੀ ਢੋਆ ਢੁਆਈ ਕਰਨ ਜੇਕਰ ਮੌਕੇ ਤੇ ਕੋਈ ਟਰੈਕਟਰ ਟਰਾਲੀ ਇੱਟਾਂ ਨਾਲ ਭਰੀ ਫੜੀ ਜਾਦੀ ਹੈ ਤਾਂ ਉਸ ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

## ਅੰਬੇਡਕਰ ਸੈਨਾ ਮੂਲ ਨਿਵਾਸੀ ਅਤੇ ਦਲਿਤ ਜੱਥੇਬੰਦੀਆਂ ਨੇ ਕੀਤਾ ਮੋਦੀ ਸਰਕਾਰ ਦਾ ਪੁਤਲਾ ਫੂਕ ਮੁਜਾਹਰਾ

Desi Punjab www.desipunjab.in



ਫਗਵਾੜਾ 10 ਅਕਤੂਬਰ (ਸ਼ਿਵ ਕੋੜਾ) ਅੰਬੇਡਕਰ ਸੈਨਾ ਮੂਲ ਨਿਵਾਸੀ ਵਲੋਂ ਪੰਜਾਬ ਪ੍ਰਧਾਨ ਹਰਭਜਨ ਸੁਮਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਦੁਆਬਾ ਪ੍ਰਧਾਨ ਬਲਵਿੰਦਰ ਬੋਧ, ਜ਼ਿਲਾ ਪ੍ਰਧਾਨ ਧਰਮਵੀਰ ਬੋਧ ਤੇ ਸਕੱਤਰ ਮਨੀ ਅੰਬੇਡਕਰੀ ਦੀ ਸਾਂਝੀ ਅਗਵਾਈ ਹੇਠ ਸੁਪਰੀਮ ਕੋਰਟ ਦੇ ਚੀਫ ਜਸਟਿਸ ਬੀ.ਆਰ ਗਵਈ 'ਤੇ ਰਾਕੇਸ਼ ਕਿਸ਼ੋਰ ਨਾਂ ਦੇ ਵਕੀਲ ਵੱਲੋਂ ਜੁੱਤੀ ਨਾਲ ਹਮਲਾ ਕਰਨ ਦੇ ਰੋਸ ਵਜੋਂ ਸਥਾਨਕ ਜੀ.ਟੀ. ਰੋਡ 'ਤੇ ਪੁਤਲਾ ਫੂਕ ਮੁਜਾਹਰਾ ਕੀਤਾ ਗਿਆ। ਉਕਤ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੀ ਸ਼ਹਿ ਤੇ ਅਜਿਹੀਆਂ ਕੋਝੀਆਂ ਹਰਕਤਾਂ ਦੇਸ਼ ਭਰ ਵਿੱਚ ਦਲਿਤਾਂ ਦੇ ਨਾਲ ਹੋ ਰਹੀਆਂ ਹਨ। ਕਿਉਂਕਿ ਭਾਜਪਾ ਤੇ ਆਰ.ਐਸ.ਐਸ. ਦਲਿਤਾਂ ਵਿਰੋਧੀ ਮਨੁਵਾਦੀ ਸੋਚ ਤੋਂ ਪ੍ਰੇਰਿਤ ਹਨ। ਆਗੂਆਂ ਨੇ ਕਿਹਾ ਕਿ ਰਾਕੇਸ਼ ਕਿਸ਼ੋਰ ਵੱਲੋਂ ਇਹ ਸਭ ਕੁਝ ਕਰਨ ਦੇ ਬਾਵਜੂਦ ਭਾਜਪਾ ਸਰਕਾਰ ਉਸ ਨੂੰ ਬਾ-ਇੱਜਤ ਰਿਹਾ ਕਰ ਦਿੰਦੀ ਹੈ ਪਰ ਜੇਕਰ ਜਸਟਿਸ ਬੀ.ਆਰ ਗਵਈ ਦੀ ਜਗਾ ਕੋਈ ਜਨਰਲ ਸਮਾਜ ਨਾਲ ਸਬੰਧਤ ਜੱਜ ਹੁੰਦਾ ਅਤੇ ਹਮਲਾ ਕਰਨ ਵਾਲਾ ਦਲਿਤ ਜਾਂ ਕਿਸੇ ਹੋਰ ਸਮਾਜ ਨਾਲ ਸਬੰਧਤ ਹੁੰਦਾ ਤਾਂ ਮੋਦੀ ਸਰਕਾਰ ਨੇ ਐਨ.ਐਸ.ਏ. ਲਗਾ ਕੇ ਉਸ ਨੂੰ ਕਈ ਸਾਲ ਜਮਾਨਤ ਵੀ ਨਹੀਂ ਹੋਣ ਦੇਣੀ ਸੀ। ਉਹਨਾਂ ਕਿਹਾ ਕਿ ਜੇਕਰ ਮੋਦੀ ਰਾਜ ਵਿੱਚ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਦਲਿਤ ਹੋਣ ਦੇ ਕਾਰਨ ਨਿਸ਼ਾਨਾ ਬਣਾਇਆ ਜਾ ਸਕਦਾ ਹੈ ਤਾਂ ਦੇਸ਼ ਵਿੱਚ ਆਮ ਦਲਿਤ ਕਿਸ ਹਾਲਤ 'ਚ ਜੀਉਣ ਲਈ ਮਜਬੂਰ ਹੋਣਗੇ, ਉਕਤ ਮੰਦਭਾਗੀ ਘਟਨਾ ਤੋਂ ਬਾਅਦ ਇਸ ਦਾ ਅੰਦਾਜਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਸ ਮੌਕੇ ਦਵਿੰਦਰ ਦੀਪ, ਮੋਨੂ ਭਾਟੀਆ, ਬੰਟੀ ਮੋਰੋਵਾਲੀਆ, ਗੁਰੂ ਰਵਿਦਾਸ ਟਾਈਗਰ ਫੋਰਸ ਦੇ ਚੇਅਰਮੈਨ ਯਸ਼ ਬਰਨਾ, ਬੰਟੀ ਟਿੱਬੀ, ਸ੍ਰੀ ਗੁਰੂ ਰਵਿਦਾਸ ਸਭਾ ਅਰਬਨ ਸਟੇਟ ਤੋਂ ਰਾਜ ਅੰਬੇਡਕਰੀ, ਜਤਿੰਦਰ ਕੁਮਾਰ, ਕੁਲਵਿੰਦਰ ਭੁੱਲਰਾਈ, ਲਖਬੀਰ ਸ਼ਾਮ ਨਗਰ, ਗੁਰੂ ਰਵਿਦਾਸੀਆ ਪ੍ਰਚਾਰ ਸਮਾਜ ਕਮੇਟੀ ਤੋਂ ਜਗਦੀਸ਼ ਕਲੇਰ, ਵਿਨੋਦ ਸੁਮਨ ਪਲਾਹੀ ਗੇਟ ਸਮੇਤ ਅੰਬੇਡਕਰ ਸੈਨਾ ਮੂਲਨਿਵਾਸੀ, ਗੁਰੂ ਰਵਿਦਾਸ ਟਾਈਗਰ ਫੋਰਸ, ਭਗਵਾਨ ਵਾਲਮੀਕਿ ਐਕਸ਼ਨ ਕਮੇਟੀ ਅਤੇ ਸਮੂਹ ਦਲਿਤ ਜਥੇਬੰਦੀਆਂ ਦੇ ਆਗੂ ਅਤੇ ਵਰਕਰ ਹਾਜਰ ਸਨ।

## 12 ਅਕਤੂਬਰ ਨੂੰ ਟਾਵਰ ਮੋਰਚੇ ਤੇ ਵੱਡਾ ਇਕੱਠ : ਰਾਮ ਸਿੰਘ ਰਾਣਾ ਸਰਬ ਧਰਮ ਬੇਅਦਬੀ ਰੋਕਣ ਲਈ ਜਲਦ ਕਨੂੰਨ ਬਣਾਵੇ ਸਰਕਾਰ: ਰਾਜੇਸ਼ਵਰਾ ਨੰਦ , ਬਾਬਾ ਮਨਮੋਹਨ ਸਿੰਘ

Desi Punjab www.desipunjab.in



ਸਮਾਣਾ 10 ਅਕਤੂਬਰ (ਦੀਵਾਨ ਥਰੇਜਾ) ਸਮਾਣਾ ਵਿਖੇ ਲਗਭਗ ਇਕ ਸਾਲ ਤੋਂ ਚੱਲ ਰਹੇ ਟਾਵਰ ਮੋਰਚਾ ਜਿਸ ਤੇ ਇੱਕ ਸਾਲ ਤੋਂ ਭਾਈ ਗੁਰਜੀਤ ਸਿੰਘ ਖਾਲਸਾ ਜੋ ਸਰਬ ਧਰਮਾਂ ਦੀ ਬੇਅਬਦੀ ਰੋਕਣ ਲਈ ਬੀ ਐਸ ਐਨ ਐਲ ਦੇ ਟਾਵਰ ਉੱਤੇ ਮੋਰਚਾ ਲਗਾ ਕੇ ਬੈਠੇ ਹਨ ਨੂੰ ਸਮਰਥਨ ਦੇਣ ਲਈ ਅੱਜ ਪ੍ਰਤਾਪ ਕਲੋਨੀ ਸਮਾਣਾ ਵਿਖੇ ਸਵਾਮੀ ਰਾਜੇਸ਼ਵਰਾ ਨੰਦ, ਬਾਬਾ ਮਨਮੋਹਨ ਸਿੰਘ ਅਤੇ ਗੋਲਡਨ ਹੱਟ ਵਾਲੇ ਰਾਮ ਸਿੰਘ ਰਾਣਾ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਯੂਥ ਬ੍ਰਾਹਮਣ ਸਭਾ ਦੇ ਪ੍ਰਧਾਨ ਪ੍ਰੀਕਸ਼ਤ ਪਾਠਕ ਦੇ ਗ੍ਰਹਿ ਵਿਖੇ ਰੱਖੀ ਗਈ। ਇਸ ਮੌਕੇ ਉਨ੍ਹਾਂ ਵੱਲੋਂ ਵੱਧ ਤੋਂ ਵੱਧ ਸੰਗਤਾਂ ਨੂੰ ਪਹੁੰਚਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਮੋਰਚਾ ਕਿਸੇ ਇੱਕ ਧਰਮ ਲਈ ਨਹੀਂ ਹੈ, ਸਗੋਂ ਸਮੁੱਚੇ ਧਰਮਾਂ ਦੀ ਬੇਅਬਦੀ ਰੋਕਣ ਲਈ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ 12 ਅਕਤੂਬਰ ਨੂੰ ਇਸ ਮੋਰਚੇ ਨੂੰ ਇੱਕ ਸਾਲ ਪੂਰਾ ਹੋ ਰਿਹਾ ਹੈ, ਜਿਸ ਕਾਰਨ 12 ਅਕਤੂਬਰ ਨੂੰ 12 ਵਜੇ ਇੱਕ ਵੱਡਾ ਇਕੱਠ ਤਹਿਸੀਲ ਪਾਰਕ ਵਿੱਚ ਰੱਖਿਆ ਗਿਆ ਹੈ , ਇਸ ਮੌਕੇ ਉਨ੍ਹਾਂ ਨੇ ਵੱਧ ਤੋਂ ਵੱਧ ਸੰਗਤਾਂ ਨੂੰ ਤਹਿਸੀਲ ਪਾਰਕ ਵਿਖੇ ਪਹੁੰਚਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਵੱਡੀ ਗਿਣਤੀ ਵਿੱਚ ਹਿੰਦੂ ਧਰਮ ਦੇ ਅਨੁਯਾਈ ਇਸ ਮੋਰਚੇ ਵਿੱਚ ਸ਼ਿਰਕਤ ਕਰਨਗੇ। ਅੱਜ ਦੀ ਮੀਟਿੰਗ ਵਿੱਚ ਗਊ ਸੇਵਾ ਸਮਿਤੀ ਦੀ ਟੀਮ ਦੇ ਸਮੁੱਚੇ ਮੈਂਬਰਾਂ ਨੇ ਸਿਰਕਤ ਕੀਤੀ। ਇਸ ਮੌਕੇ ਪ੍ਰਧਾਨ ਬਿੱਟੂ ਧੀਮਾਨ,ਯਤਿੰਦਰ ਸ਼ਰਮਾ, ਪ੍ਰੀਕਸ਼ਤ ਪਾਠਕ, ਵਿਕਾਸ ਸ਼ਰਮਾ, ਲਲਿਤ ਭੱਲਾ, ਦਮਨ ਭੱਲਾ, ਨੀਰਜ਼ ਜਿੰਦਲ, ਮਹਿੰਦਰ ਚਾਵਲਾ, ਬ੍ਰਾਹਮਣ ਸਭਾ ਦੇ ਪ੍ਰਧਾਨ ਧਰਮਪਾਲ ਜੋਸੀ, ਜਸਵੰਤ ਸ਼ਰਮਾ, ਮੁਨੀਸ਼ ਸਿੰਗਲਾ, ਰਕੇਸ਼ ਕੁਮਾਰ ਕੇਸੀਂ, ਜਗਜੀਤ ਚਾਵਲਾ, ਰਜਨੀਸ਼ ਗੋਇਲ, ਵਿਜੇ ਜੋਹਰੀ ਤੋਂ ਇਲਾਵਾ ਹੋਰ ਵਿਅਕਤੀ ਵੀ ਹਾਜ਼ਰ ਸਨ।

## ਕੈਨੇਡੀਅਨ ਪਾਰਲੀਮੈਂਟ ਮੂਹਰੇ ਵਿਦੇਸ਼ ਮੰਤਰੀ ਅਨੀਤਾ ਆਨੰਦ ਦੇ ਭਾਰਤ ਦੌਰੇ ਤੋਂ ਪਹਿਲਾਂ ਸਿੱਖਾਂ ਵਲੋਂ ਭਾਰੀ ਪ੍ਰਦਰਸ਼ਨ ਭਾਰਤ ਨਾਲ ਕੈਨੇਡੀਅਨ ਪ੍ਰਭੁਸੱਤਾ ਦਾ ਵਪਾਰ ਨਹੀਂ ਕੀਤਾ ਜਾ ਸਕਦਾ, ਮੋਦੀ ਦੇ ਸ਼ਾਸਨ ਨਾਲ ਸਹਿਯੋਗ ਨਹੀਂ ਮੁਕਾਬਲਾ ਕਰੋ: ਪੰਨੂੰ

Desi Punjab www.desipunjab.in

ਨਵੀਂ ਦਿੱਲੀ 10 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):- ਜਿਵੇਂ ਕਿ ਵਿਦੇਸ਼ ਮੰਤਰੀ ਅਨੀਤਾ ਆਨੰਦ ਭਾਰਤ ਦੀ ਯਾਤਰਾ ਕਰਨ ਦੀ ਤਿਆਰੀ ਕਰ ਰਹੀ ਹੈ, ਖਾਲਿਸਤਾਨ ਪੱਖੀ ਕੈਨੇਡੀਅਨ ਸਿੱਖਾਂ ਨੇ "ਕੈਨੇਡਾ ਦੀ ਪ੍ਰਭੂਸੱਤਾ ਨੂੰ ਕਾਇਮ ਰੱਖਣ ਲਈ ਕੈਨੇਡੀਅਨ ਪਾਰਲੀਮੈਂਟ ਮੂਹਰੇ ਪਾਰਲੀਮੈਂਟ ਹਿੱਲ ਵਿਖੇ "ਖਾਲਿਸਤਾਨ ਜਨਮਤ ਸੰਗ੍ਰਹਿ ਰੈਲੀ" ਰੈਲੀ ਕੀਤੀ । ਰੈਲੀ ਵਿਚ ਪਹੁੰਚੇ ਬਾਬਾ ਸੰਤੋਖ ਸਿੰਘ ਖੇਲਾ ਨੇ ਮੰਗ ਕੀਤੀ ਕਿ ਉਹ ਕੈਨੇਡੀਅਨ ਨਾਗਰਿਕ ਸ਼ਹੀਦ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਇੱਕ ਭਾਰਤੀ ਖੁਫੀਆ ਅਧਿਕਾਰੀ ਦਾ ਨਾਮ ਲੈਣ ਵਾਲੇ ਨਵੇਂ ਅਮਰੀਕੀ ਨਿਆਂ ਵਿਭਾਗ ਦੇ ਸਬੂਤਾਂ 'ਤੇ ਮੋਦੀ ਸਰਕਾਰ ਦਾ ਸਹਿਯੋਗ ਕਰਣ ਦੀ ਥਾਂ ਤੇ ਉਨ੍ਹਾਂ ਦਾ ਸਾਹਮਣਾ ਕਰੇ। ਜਿਕਰਯੋਗ ਹੈ ਕਿ ਐਸਐਫਜੇ ਵਲੋਂ ਕੀਤੀ ਗਈ ਇਹ ਰੈਲੀ ਕੈਨੇਡੀਅਨ ਮੰਤਰੀ ਆਨੰਦ ਨੂੰ ਲਿਖੇ ਖੁੱਲ੍ਹੇ ਪੱਤਰ ਦੇ ਨਾਲ ਮੇਲ ਖਾਂਦੀ ਹੈ, ਜਿਸ ਵਿੱਚ ਉਨ੍ਹਾਂ ਨੂੰ ਅਮਰੀਕੀ ਅਦਾਲਤ ਦੇ ਸਬੂਤ ਸਿੱਧੇ ਪ੍ਰਧਾਨ ਮੰਤਰੀ ਮੋਦੀ ਨੂੰ ਪੇਸ਼ ਕਰਨ ਅਤੇ ਕੈਨੇਡਾ ਦੀ ਪ੍ਰਭੂਸੱਤਾ ਅਤੇ ਕਾਨੂੰਨ ਦੇ ਰਾਜ ਦੇ ਅਨੁਕੂਲ ਲਿਖਤੀ ਸਪੱਸ਼ਟੀਕਰਨ ਦੀ ਮੰਗ ਕਰਨ ਦੀ ਅਪੀਲ ਕੀਤੀ ਗਈ ਸੀ। ਇੰਦਰਜੀਤ ਸਿੰਘ ਗੋਸਲ ਜਿਸ ਨੂੰ ਜਾਨ ਦੇ ਖਤਰੇ ਦੀ ਚੇਤਾਵਨੀ ਮਿਲੀ ਹੋਈ ਹੈ ਤੇ ਕੈਨੇਡੀਅਨ ਪੁਲਿਸ ਕੋਲੋਂ ਗਵਾਹਾਂ ਦੀ ਸੁਰੱਖਿਆ ਤੋਂ ਇਨਕਾਰ ਕੀਤਾ ਸੀ ਨੇ ਰੈਲੀ ਵਿਚ ਸ਼ਿਰਕਤ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਕਾਰਨੀ ਅਤੇ ਮੰਤਰੀ ਅਨੀਤਾ ਆਨੰਦ ਨੂੰ ਮੇਰਾ ਸੁਨੇਹਾ ਸਪੱਸ਼ਟ ਹੈ ਮੈਂ ਮੋਦੀ ਦੇ ਭਾਰਤ ਤੋਂ ਜਾਨੋਂ ਮਾਰਨ ਦੀਆਂ ਧਮਕੀਆਂ ਦੀ ਪਰਵਾਹ ਕੀਤੇ ਬਿਨਾਂ ਖਾਲਿਸਤਾਨ ਰਾਏਸ਼ੁਮਾਰੀ ਮੁਹਿੰਮ ਜਾਰੀ ਰੱਖਾਂਗਾ। ਇਹ ਕੈਨੇਡੀਅਨ ਸਰਕਾਰ ਦਾ ਫਰਜ਼ ਹੈ ਕਿ ਉਹ ਭਾਰਤੀ ਡਿਪਲੋਮੈਟਾਂ ਨੂੰ ਜਵਾਬਦੇਹ ਠਹਿਰਾਏ ਜੋ ਕੈਨੇਡੀਅਨ ਧਰਤੀ 'ਤੇ ਕਾਤਲਾਂ ਦੀ ਭਰਤੀ ਅਤੇ ਨਿਯੁਕਤੀ ਕਰ ਰਹੇ ਹਨ। ਆਰਸੀਐਮਪੀ ਜਾਂਚ, ਸੰਸਦੀ ਚੇਤਾਵਨੀਆਂ ਅਤੇ ਅਮਰੀਕੀ ਅਦਾਲਤ ਦੇ ਸਬੂਤਾਂ ਨੂੰ ਨਜ਼ਰਅੰਦਾਜ਼ ਕਰਨਾ ਕੂਟਨੀਤੀ ਨਹੀਂ ਹੈ, ਇਹ ਕੈਨੇਡਾ ਦੀ ਪ੍ਰਭੁਸੱਤਾ ਨਾਲ ਵਿਸ਼ਵਾਸਘਾਤ ਹੈ।ਐਸਐਫਜੇ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਮੰਤਰੀ ਅਨੀਤਾ ਆਨੰਦ ਦੀਆਂ ਕਾਰਵਾਈਆਂ ਇਹ ਫੈਸਲਾ ਕਰਨਗੀਆਂ ਕਿ ਕੈਨੇਡਾ ਕਾਨੂੰਨ, ਆਜ਼ਾਦੀ ਅਤੇ ਪ੍ਰਭੂਸੱਤਾ ਲਈ ਖੜ੍ਹਾ ਹੈ ਜਾਂ ਮੋਦੀ ਦੇ ਭਾਰਤ ਅੱਗੇ ਝੁਕਦਾ ਹੈ, ਜੋ ਖਾਲਿਸਤਾਨ ਰੈਫਰੈਂਡਮ ਕਾਰਕੁਨਾਂ ਦਾ ਖੂਨ ਵਹਾਉਂਦਾ ਹੈ। ਇਹ ਟਕਰਾਅ ਦਾ ਪਲ ਹੈ, ਸਹਿਯੋਗ ਦਾ ਨਹੀਂ । ਸਰਦਾਰ ਜਸਵਿੰਦਰ ਸਿੰਘ ਸਕੱਤਰ ਗੁਰਦੁਆਰਾ ਸਾਹਿਬ ਲਸਾਲ ਵਲੋਂ ਇਸ ਮੌਕੇ ਵਡੀ ਗਿਣਤੀ ਵਿਚ ਸੰਗਤਾਂ ਨੂੰ ਇਕਠੀਆਂ ਕਰਕੇ ਪਾਰਲੀਮੈਂਟ ਹਿਲ ਲੈ ਜਾਇਆ ਗਿਆ ਸੀ ਤੇ ਉਨ੍ਹਾਂ ਨੇ ਰੈਲੀ ਵਿਚ ਸ਼ਿਰਕਤ ਕਰਣ ਵਾਲੀਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਰੈਫਰੈਂਡਮ ਦਾ ਅਗਲਾ ਪੜਾਅ 23 ਨਵੰਬਰ, 2025 ਨੂੰ ਓਟਾਵਾ ਵਿੱਚ ਹੋਵੇਗਾ, ਜਿਸ ਨਾਲ ਭਾਰਤ ਸਰਕਾਰ ਨੂੰ ਇੱਕ ਸਪੱਸ਼ਟ ਸੰਦੇਸ਼ ਜਾਵੇਗਾ ਕਿ ਪੰਜਾਬ ਨੂੰ ਭਾਰਤੀ ਕਬਜ਼ੇ ਤੋਂ ਆਜ਼ਾਦ ਕਰਵਾਉਣ ਦੀ ਲਹਿਰ ਨੂੰ ਦਬਾਇਆ ਨਹੀਂ ਜਾ ਸਕਦਾ, ਨਾ ਤਾਂ ਸ਼ਹੀਦ ਨਿੱਝਰ ਦੀ ਹੱਤਿਆ ਨਾਲ, ਨਾ ਹੀ ਕੈਨੇਡਾ ਵਿੱਚ ਚੱਲ ਰਹੀਆਂ ਹੱਤਿਆ ਦੀਆਂ ਸਾਜ਼ਿਸ਼ਾਂ ਨਾਲ। ਰੈਲੀ ਵਿਚ ਪਹੁੰਚੀਆਂ ਸੰਗਤਾਂ ਨੇ ਹੱਥਾਂ ਵਿਚ ਖਾਲਿਸਤਾਨੀ ਝੰਡੇ ਫੜੇ ਹੋਏ ਸਨ ਤੇ ਖਾਲਸਾਈ ਨਾਹਰਿਆ ਨਾਲ ਗੂੰਜਾ ਪੈ ਰਹੀਆਂ ਸਨ ।



## ਚੇਅਰਮੈਨ ਰਣਜੋਧ ਹਡਾਣਾ ਐਕਸ਼ਨ ਮੋਡ 'ਚ,- ਨਜਾਇਜ਼ ਕਬਜਾ ਧਾਰਕਾਂ ਤੇ ਕਰਵਾਈ ਮੌਕੇ ਤੇ ਕਾਰਵਾਈ, ਸਫਾਈ ਸਬੰਧੀ ਵੀ ਦਿੱਤੇ ਸਖ਼ਤ ਨਿਰਦੇਸ਼ - ਕਿਹਾ ਸਾਰੇ ਇਕਮੱਤ ਹੋ ਕੇ ਚੱਲਣ ਤਾਂ ਮੰਡੀ ਦੀ ਨੁਹਾਰ ਬਦਲੀ ਜਾ ਸਕਦੀ ਹੈ- ਰਣਜੋਧ ਹਡਾਣਾ



ਪਟਿਆਲਾ, 10 ਅਕਤੂਬਰ ( ) – ਹਲਕਾ ਸਨੌਰ ਦੀ ਸਬਜ਼ੀ ਮੰਡੀ ਵਿਖੇ ਹਲਕਾ ਇੰਚਾਰਜ ਸਨੌਰ ਅਤੇ ਚੇਅਰਮੈਨ ਪੀ ਆਰ ਟੀ ਸੀ ਰਣਜੋਧ ਹਡਾਣਾ ਵੱਲੋਂ ਆੜਤੀ ਵੈਲਫੇਅਰ ਸੁਸਾਇਟੀ ਦੇ ਨੁਮਾਂਇੰਦਿਆਂ ਅਤੇ ਮੰਡੀ ਦੇ ਹੋਰ ਵਪਾਰੀਆਂ ਨਾਲ ਪ੍ਰਬੰਧਾਂ ਨੂੰ ਲੈ ਕੇ ਵਿਸ਼ੇਸ਼ ਗੱਲਬਾਤ ਕੀਤੀ ਗਈ। ਹਡਾਣਾ ਨੇ ਮੰਡੀ ਅੰਦਰ ਮੌਜੂਦ ਗੰਦਗੀ ਅਤੇ ਨਜਾਇਜ ਕਬਜਿਆਂ ਨੂੰ ਹਟਾਉਣ ਦੇ ਵੀ ਸਖ਼ਤ ਨਿਰਦੇਸ਼ ਦਿੱਤੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਵੀ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਮੰਡੀ ਦੀ ਸਫਾਈ ਅਤੇ ਪ੍ਰਬੰਧਾਂ ਵਿੱਚ ਕੋਈ ਵੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਚੇਅਰਮੈਨ ਹਡਾਣਾ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਮੰਡੀ ਵਿੱਚ ਜਿੱਥੇ ਵੀ ਨਜਾਇਜ਼ ਕਬਜ਼ਿਆਂ ਨੂੰ ਖਾਲੀ ਕਰਵਾ ਕੇ ਮੰਡੀ ਨੂੰ ਸਾਫ਼-ਸੁਥਰਾ ਰੱਖਣ ਲਈ ਬਣਦੀ ਜਲਦ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੰਡੀ ਕਿਸੇ ਇੱਕ ਵਿਅਕਤੀ ਦੀ ਨਹੀਂ, ਸਗੋਂ ਸਾਰੇ ਆੜ੍ਹਤੀਆਂ ਅਤੇ ਕਿਸਾਨ ਭਰਾਵਾਂ ਦੀ ਸਾਂਝੀ ਜਗ੍ਹਾ ਹੈ, ਇਸ ਲਈ ਇਸਦੀ ਸੰਭਾਲ ਸਾਂਝੀ ਜ਼ਿੰਮੇਵਾਰੀ ਹੈ।

ਉਨ੍ਹਾਂ ਮੰਡੀ ਵਿੱਚ ਰੌਸ਼ਨੀ ਦੇ ਪ੍ਰਬੰਧਾਂ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਰਾਤ ਦੇ ਸਮੇਂ ਮੰਡੀ ਵਿੱਚ ਪੂਰੀ ਰੌਸ਼ਨੀ ਹੋਣੀ ਚਾਹੀਦੀ ਹੈ ਤਾਂ ਜੋ ਕਿਸਾਨਾਂ ਅਤੇ ਖਰੀਦਦਾਰਾਂ ਨੂੰ ਕੋਈ ਮੁਸ਼ਕਲ ਨਾ ਆਵੇ। ਇਸ ਲਈ ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਵੀ ਲਾਈਟਾਂ ਦੀ ਜਾਂਚ ਕਰਕੇ ਤੁਰੰਤ ਬਦਲਣ ਦੇ ਵੀ ਆਦੇਸ਼ ਦੇ ਦਿੱਤੇ ਹਨ. ਇਸ ਮੌਕੇ ਹਡਾਣਾ ਨੇ ਮੰਡੀ ਦੇ ਵਿਕਾਸ ਦੇ ਬਾਕੀ ਰਹਿੰਦੇ ਕੰਮਾਂ ਦੀ ਵੀ ਸਮੀਖਿਆ ਕੀਤੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਸਾਰੇ ਬਕਾਇਆ ਕੰਮ ਜਲਦ ਹੀ ਪੂਰੇ ਕੀਤੇ ਜਾਣਗੇ ਤਾਂ ਜੋ ਮੰਡੀ ਵਿੱਚ ਆਉਣ ਵਾਲੇ ਕਿਸਾਨਾਂ ਨੂੰ ਸੁਵਿਧਾਵਾਂ ਮਿਲ ਸਕਣ।

ਚੇਅਰਮੈਨ ਨੇ ਮੰਡੀ ਦੇ ਸਾਰੇ ਨੁਮਾਇੰਦਿਆਂ ਨੂੰ ਇਕੱਠੇ ਬੈਠ ਕੇ ਮਿਲਜੁਲ ਕੇ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਜਦੋਂ ਸਾਰੇ ਇਕਮੱਤ ਹੋ ਕੇ ਚੱਲਣਗੇ, ਤਦ ਹੀ ਸਾਰੀ ਮੰਡੀ ਦਾ ਚਿਹਰਾ ਬਦਲਿਆ ਜਾ ਸਕਦਾ ਹੈ ਅਤੇ ਕਿਸਾਨਾਂ ਲਈ ਵਧੀਆ ਵਾਤਾਵਰਣ ਬਣਾਇਆ ਜਾ ਸਕਦਾ ਹੈ।

ਉਨ੍ਹਾਂ ਨੇ ਕਿਹਾ ਕਿ ਮੰਡੀ ਸਿਰਫ਼ ਕਾਰੋਬਾਰ ਦੀ ਜਗ੍ਹਾ ਨਹੀਂ ਸਗੋਂ ਕਿਸਾਨਾਂ ਦੀ ਆਸ ਤੇ ਆਮਦਨ ਦਾ ਕੇਂਦਰ ਹੈ, ਇਸਦੀ ਸੰਭਾਲ ਤੇ ਵਿਕਾਸ ਸਭ ਦੀ ਜ਼ਿੰਮੇਵਾਰੀ ਹੈ। ਅੰਤ ਵਿੱਚ ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਜਿਹੜਾ ਵੀ ਕਰਮਚਾਰੀ ਜਾਂ ਵਿਅਕਤੀ ਮੰਡੀ ਦੀ ਸਫ਼ਾਈ ਜਾਂ ਪ੍ਰਬੰਧਾਂ ਵਿੱਚ ਰੁਕਾਵਟ ਪੈਦਾ ਕਰੇਗਾ, ਉਸ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ।

## ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅੱਖੋਂ ਪਰੋਖੇ ਕਰਕੇ ਠੰਡੇ ਬਸਤੇ ਵਿੱਚ ਪਾਉਣ ਤੇ ਪੰਜਾਬ ਸਰਕਾਰ ਦੀ ਸਖਤ ਨਿਖੇਧੀ

### ਸਰਕਾਰ ਨੇ ਮਹਿੰਗਾਈ ਕੀ ਘਟਾਉਣੀ ਸੀ, ਸਗੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਮਹਿੰਗਾਈ ਭੱਤਾ ਹੀ ਬੰਦ ਕਰ ਦਿੱਤਾ - ਮੇਘ ਸਿੰਘ ਜਵੰਦਾ ਪ੍ਰਧਾਨ



ਸਮਰਾਲਾ 10 ਅਕਤੂਬਰ ( ਜਸ਼ਨ ਬੰਬ )ਪੰਜਾਬ ਪੈਨਸ਼ਨਰ ਕਲਿਆਣ ਸੰਗਠਨ ਸਮਰਾਲਾ ਦੀ ਪੈਨਸ਼ਨਰ ਭਵਨ ਵਿਖੇ ਹੋਈ। ਮਹੀਨਾਵਾਰ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੰਗਠਨ ਦੇ ਪ੍ਰਧਾਨ ਮੇਘ ਸਿੰਘ ਜਵੰਦਾ ਨੇ ਕਿਹਾ ਕਿ ਮੁਲਾਜ਼ਮ ਤੇ ਪੈਨਸ਼ਨਰ ਮੰਗਾਂ ਨੂੰ ਸਰਕਾਰ ਨੇ ਮੁੱਢ ਤੋਂ ਵਿਸਾਰ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਨੂੰ ਵਾਰ ਵਾਰ ਸਮਾਂ ਦੇ ਕੇ ਮੁੱਕਰਦੇ ਰਹੇ ਹਨ। ਇਸ ਨਿਕੰਮੀ ਸਰਕਾਰ ਨੇ ਮਹਿੰਗਾਈ ਤਾਂ ਕੀ ਘੱਟ ਕਰਨੀ ਸੀ ਸਗੋਂ ਮੁਲਾਜ਼ਮਾਂ ਤੇ ਪੈਨਸ਼ਨਰ ਦਾ ਮਹਿੰਗਾਈ ਭੱਤਾ ਹੀ ਬੰਦ ਕਰ ਦਿੱਤਾ। ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਮਹਿੰਗਾਈ ਭੱਤਾ ਕੇਂਦਰ ਸਰਕਾਰ ਨਾਲ ਜੁੜਿਆ ਹੋਇਆ ਹੈ ਜ਼ਿਕਰ ਯੋਗ ਹੈ ਕਿ ਕੇਂਦਰ ਸਰਕਾਰ ਦੇ ਮੁਲਾਜ਼ਮ ਤੇ ਪੈਨਸ਼ਨਰ 55% ਡੀ. ਏ.ਲੈ ਰਹੇ ਹਨ ਪਰ ਪੰਜਾਬ ਦੀ ਇਹ ਮੁਲਾਜ਼ਮ ਮਾਰੂ ਸਰਕਾਰ 42% ਡੀ.ਏ. ਦੇ ਰਹੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਨੀਅਰ ਮੀਤ ਪ੍ਰਧਾਨ ਦਲੀਪ ਸਿੰਘ ਨੇ ਕਿਹਾ ਕਿ ਮਾਨਯੋਗ ਹਾਈਕੋਰਟ ਵੱਲੋਂ 25 ਅਗਸਤ ਨੂੰ ਮੁਲਾਜ਼ਮਾਂ ਦੇ ਪੈਨਸ਼ਨਾਂ ਦੇ ਹੱਕ ਵਿੱਚ ਫੈਸਲਾ ਦਿੰਦੇ ਹੋਏ ਕਿਹਾ ਕਿ ਇਹਨਾਂ ਦਾ ਬਣਦਾ 13% ਮਹਿੰਗਾਈ ਭੱਤਾ ਅਤੇ ਹੁਣ ਤੱਕ ਦੀਆਂ ਡੀ.ਏ. ਦੀਆਂ ਕਿਸਤਾਂ ਦਾ ਬਕਾਇਆ ਜਲਦ ਤੋਂ ਜਲਦ ਅਦਾ ਕੀਤਾ ਜਾਵੇ ਪਰ ਹਾਲੇ ਵੀ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਨੇਤਰ ਸਿੰਘ ਮੁਤਿਓ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਦਿਵਾਲੀ ਤੋਂ ਪਹਿਲਾਂ ਡੀ.ਏ.ਦੀਆਂ ਕਿਸਤਾਂ ਨਾ ਦਿੱਤੀਆਂ ਸਰਕਾਰ ਖਿਲਾਫ ਜ਼ੋਰਦਾਰ ਸੰਘਰਸ਼ ਛੇੜਿਆ ਜਾਵੇਗਾ। ਸੰਗਠਨ ਦੇ ਖਜਾਨਚੀ ਮਾਸਟਰ ਪ੍ਰੇਮ ਨਾਥ ਨੇ ਦੱਸਿਆ ਕਿ ਬੀਤੇ ਦਿਨੀ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਸੰਗਠਨ ਵੱਲੋਂ ਇਕੱਤਰ ਕੀਤੀ ਰਾਸ਼ੀ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਰਾਹਤ ਫੰਡ ਵਿੱਚ ਡਰਾਫਟ ਬਣਾ ਕੇ ਦਿੱਤੀ ਜਾਵੇਗੀ। ਮੰਚ ਸੰਚਾਲਨ ਦੀ ਭੂਮਿਕਾ ਲੈਕਚਰਾਰ ਹਰੀ ਚੰਦ ਵਰਮਾ ਵੱਲੋਂ ਬਾਖੂਬੀ ਨਿਭਾਈ ਗਈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸੁਨੀਲ ਕੁਮਾਰ ਸ਼ੁਕਲਾ ਜਨਰਲ ਸਕੱਤਰ ਪੈਨਸ਼ਨਰ ਭਵਨ ਮੈਨੇਜਮੈਂਟ ਕਮੇਟੀ, ਮਾਸਟਰ ਗੋਪਾਲ ਸਿੰਘ, ਕੁਲਵੰਤ ਰਾਏ, ਮੇਲਾ ਸਿੰਘ ਪ੍ਰਧਾਨ ਪੈਨਸ਼ਨਰ ਭਵਨ ਮੈਨੇਜਮੈਂਟ ਕਮੇਟੀ, ਹਿੰਮਤ ਸਿੰਘ, ਗੁਰਚਰਨ ਸਿੰਘ, ਰਤਨ ਲਾਲ, ਜੈ ਰਾਮ, ਯਸ਼ਪਾਲ, ਦਰਸ਼ਨ ਸਿੰਘ ਕਟਾਣੀ, ਸੁਰਿੰਦਰ ਵਰਮਾ ਆਦਿ ਹਾਜ਼ਰ ਹੋਏ। ਅਖੀਰ ਵਿੱਚ ਸੰਗਠਨ ਦੇ ਪ੍ਰਧਾਨ ਮੇਘ ਸਿੰਘ ਜਵੰਦਾ ਨੇ ਮੀਟਿੰਗ ਵਿੱਚ ਆਏ ਸਮੂਹ ਪੈਨਸ਼ਨਰਾਂ ਦਾ ਧੰਨਵਾਦ ਕੀਤਾ ਅਤੇ ਸਮੂਹ ਪੈਨਸ਼ਨਰਾਂ ਨੂੰ ਭਵਿੱਖੀ ਸੰਘਰਸ਼ਾਂ ਲਈ ਤਿਆਰ ਰਹਿਣ

## ਕੈਬਨਿਟ ਮੰਤਰੀ ਸ ਗੁਰਮੀਤ ਸਿੰਘ ਖੁੱਡੀਆਂ ਨੇ ਅਧਿਕਾਰੀਆਂ ਨਾਲ ਵਿਕਾਸ ਕੰਮਾਂ ਸਬੰਧੀ ਕੀਤੀ ਰਿਵਿਊ ਮੀਟਿੰਗ



ਲੰਬੀ/ਮੁਕਤਸਰ ਸਾਹਿਬ (ਨਰਿੰਦਰ ਵਧਵਾ) ਕੈਬਨਿਟ ਮੰਤਰੀ ਸ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਅੱਜ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਸਮੂਹ ਸਰਪੰਚਾਂ ਨਾਲ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਸਬੰਧੀ ਮੀਟਿੰਗ ਕੀਤੀ । ਇਸ ਦੌਰਾਨ ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਵਿਕਾਸ ਕਾਰਜਾਂ ਨੂੰ ਮਿੱਥੇ ਸਮੇਂ ਵਿੱਚ ਮੁਕੰਮਲ ਕੀਤਾ ਜਾਵੇ । ਇਸ ਮੌਕੇ ਕੈਬਨਿਟ ਮੰਤਰੀ ਸ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ਼ਹਿਰਾਂ ਦੇ ਨਾਲ ਨਾਲ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਪਿੰਡਾਂ ਵਿੱਚ ਵੀ ਸ਼ਹਿਰਾਂ ਵਰਗੀਆਂ ਸਹੂਲਤਾਂ ਮੁਹਈਆਂ ਕਰਵਾਈਆਂ ਜਾ ਰਹੀਆਂ ਹਨ । ਇਸ ਮੌਕੇ ਸਮੂਹ ਅਧਿਕਾਰੀਆਂ ਅਤੇ ਸਰਪੰਚਾਂ ਨੂੰ ਕਿਹਾ ਕਿ ਪੈਂਡਿੰਗ ਪਏ ਵਿਕਾਸ ਦੇ ਕੰਮਾਂ ਵਿੱਚ ਤੇਜ਼ੀ ਲਿਆਉਣ ਦੇ ਨਾਲ ਉਨ੍ਹਾਂ ਨੂੰ ਤੁਰੰਤ ਪ੍ਰਭਾਵ ਨਾਲ ਪੂਰਾ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ । ਇਸ ਮੌਕੇ ਤੇ ਬੀਡੀਪੀਓ ਰਕੇਸ਼ ਬਿਸ਼ਨੋਈ, ਐਕਸੀਐਨ ਜੋਧਵੀਰ ਸਿੰਘ ਐਸ,ਐਚ, ਓ ਥਾਣਾ ਲੰਬੀ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਸਬੰਧਤ ਪਿੰਡਾਂ ਦੇ ਸਰਪੰਚ,ਪੰਚ, ਅਤੇ ਪਿੰਡ ਵਾਸੀ ਹਾਜ਼ਰ ਸਨ।

## ਕਾਂਗਰਸ ਸਰਕਾਰ ਸਮੇਂ ਸ਼ਹਿਰ ਦੇ ਵਿਕਾਸ ਲਈ ਕਰੋੜਾਂ ਦੀ ਗਰਾਂਟ ਲਿਆਂਦੀ: ਗੋਲਡੀ



ਦਲਵਿੰਦਰ ਸਿੰਘ ਮਨੋਚਾ, ਪੰਜਾਬੀ ਜਾਗਰਣ ਗੜ੍ਹਸ਼ੰਕਰ- 2017 ਤੋਂ 2022 ਤੱਕ ਪੰਜਾਬ ਵਿਚਲੀ ਕਾਂਗਰਸ ਪਾਰਟੀ ਦੀ ਸਰਕਾਰ ਸਮੇਂ ਗੜ੍ਹਸ਼ੰਕਰ ਸ਼ਹਿਰ ਦੇ ਵਿਕਾਸ ਲਈ ਕਰੋੜਾਂ ਦੀ ਗਰਾਂਟ ਜਾਰੀ ਕਰਵਾਈ ਸੀ ਅਤੇ ਉਸੇ ਗਰਾਂਟ ਦੇ ਸਹਾਰੇ ਅੱਜ ਵੀ ਸ਼ਹਿਰ ਵਿੱਚ ਵਿਕਾਸ ਕਾਰਜ ਹੋ ਰਹੇ ਹਨ। ਇਹ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਅਤੇ ਹਲਕਾ ਇੰਚਾਰਜ ਰਹੇ ਲਵ ਕੁਮਾਰ ਗੋਲਡੀ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਉਸ ਸਮੇਂ ਦੌਰਾਨ ਸ਼ਹਿਰ ਦੇ ਵਿਕਾਸ ਲਈ 9 ਕਰੋੜ ਰੁਪਏ ਤੋਂ ਇਲਾਵਾ ਵਿੱਤ ਮੰਤਰੀ ਦੇ ਡਿਸਕ੍ਰਿਸ਼ਨ ਕੋਟੇ ਵਿੱਚੋਂ ਪਰਸ਼ੂਰਾਮ ਭਵਨ ਲਈ 26 ਲੱਖ ਰੁਪਏ, ਵਾਲਮੀਕ ਮੁਹੱਲਾ ਕਮਿਊਨਿਟੀ ਸੈਂਟਰ ਲਈ 25 ਲੱਖ ਰੁਪਏ, ਨੌਂ ਗਰੁੱਪ ਕਮਿਊਨਿਟੀ ਸੈਂਟਰ ਲਈ 10 ਲੱਖ ਰੁਪਏ, ਬੜ੍ਹਾ ਰੋਜ਼ਾ ਕਮਿਊਨਿਟੀ ਸੈਂਟਰ ਲਈ 10 ਲੱਖ ਰੁਪਏ ਅਤੇ ਸੋਲਰ ਲਾਈਟਾਂ ਲਈ 10 ਲੱਖ ਰੁਪਏ ਜਾਰੀ ਕਰਵਾਏ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਪਾਣੀ ਦੀ ਸਪਲਾਈ ਲਈ 40 ਲੱਖ ਰੁਪਏ ਦੀ ਲਾਗਤ ਨਾਲ ਇੱਕ ਟਿਊਬਵੈੱਲ ਵੀ ਲਗਵਾਇਆ ਗਿਆ ਸੀ। ਇਸ ਤੋਂ ਇਲਾਵਾ ਸ਼ਹਿਰ ਵਿੱਚ ਸੀਵਰੇਜ ਲਈ ਸੀਵਰੇਜ ਬੋਰਡ ਨੂੰ ਤਿੰਨ ਫੇਜ਼ਾਂ ਵਿੱਚ ਗਰਾਂਟ ਜਾਰੀ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿਚਲੇ ਰਾਵਲਪਿੰਡੀ ਰੋਡ 'ਤੇ ਬਣੀ ਪਾਰਕ ਵੀ ਉਨ੍ਹਾਂ ਵੱਲੋਂ ਜਾਰੀ ਕਰਵਾਈ ਗਈ ਗਰਾਂਟ ਨਾਲ ਹੀ ਬਣੀ ਹੈ। ਇਸ ਤੋਂ ਇਲਾਵਾ ਬਾਕੀ ਪਾਰਕਾਂ ਦਾ ਵੀ ਉਨ੍ਹਾਂ ਵੱਲੋਂ ਨਿਰਮਾਣ ਕਰਵਾਇਆ ਗਿਆ ਤੇ ਝੂਲੇ ਲਗਵਾਏ ਗਏ ਸਨ ਜਦ ਕਿ ਮੌਜੂਦਾ ਸਰਕਾਰ ਉਨ੍ਹਾਂ ਝੂਲਿਆਂ ਨੂੰ ਗਰੀਸ ਦੇਣ ਲਈ ਵੀ ਪੈਸੇ ਜਾਰੀ ਨਹੀਂ ਕਰ ਸਕੀ।

## ਮਲੇਰੀਆ ਬੁਖਾਰ ਮਾਦਾ ਐਨਾਫਲੀਜ ਮੱਛਰ ਦੇ ਕੱਟਣ ਨਾਲ ਹੁੰਦਾ ਹੈ

### ਸਿਹਤ ਵਿਭਾਗ ਵੱਲੋ ਪਿੰਡ ਪੱਖੋਕੇ 'ਚ ਡੈਗੂੰ ਮਲੇਰੀਆ,ਬਿਮਾਰੀਆਂ ਤੋਂ ਬਚਾਅ ਬਾਰੇ ਜਾਗਰੂਕ ਕੀਤਾ ਗਿਆ



ਗੁਰਪ੍ਰੀਤ ਸਿੰਘ ਕੱਦ ਗਿੱਲਤਰਨਤਾਰਨ 10 ਅਕਤੂਬਰ ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ, ਡਾਕਟਰ ਵਰਿੰਦਰਪਾਲ ਕੌਰ ਜ਼ਿਲ੍ਹਾ ਟੀਕਾਕਰਨ ਅਫ਼ਸਰ ਜਿਲ੍ਹਾ ਐਪੀਡਾਇਮੋਲੋਜਿਸਟ ਡਾ. ਰਾਘਵ ਗੁਪਤਾ ਦੇ ਦਿਸ਼ਾ ਨਿਰਦੇਸ਼ਾ ਤਹਿਤ ਐਸ ਐਮ ਓ ਝਬਾਲ ਡਾ. ਰਾਜੂ ਚੋਹਾਨ ਦੀ ਰਹਿਨਮਾਈ ਹੇਠ ਐਸ਼ ਆਈ ਗੁਰਵਿੰਦਰ ਸਿੰਘ ਦੇ ਸਹਿਯੋਗ ਨਾਲ ਪਿੰਡ ਪੱਖੋਕੇ ਡੈਗੂੰ ਮਲੇਰੀਆ ,ਬਰਸਾਤਾਂ ਤੋਂ ਬਾਅਦ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਬਾਰੇ ਜਾਗਰੂਕ ਕੀਤਾ ਗਿਆ । ਇਸ ਮੌਕੇ ਕੰਵਲਜੀਤ ਸਿੰਘ ਮ. ਹ.ਵ ਮ ਨੇ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਐਨਾਫਲੀਜ ਮੱਛਰ ਦੇ ਕੱਟਣ ਨਾਲ ਹੁੰਦਾ ਹੈ ।ਇਹ ਮੱਛਰ ਖੜ੍ਹੇ ਪਾਣੀ ਵਿੱਚ ਪੇਦਾ ਹੁੰਦਾ ਹੈ । ਛੱਪੜਾਂ ਵਿੱਚ ਗੰਬੁਜੀਆ ਮੱਛੀ ਜਾਂ ਕਾਲਾ ਸੜਿਆ ਤੇਲ ਪਾ ਕੇ ਮੱਛਰਾਂ ਦੀ ਪੇਦਾਵਾਰ ਨੂੰ ਰੋਕਿਆ ਜਾ ਸਕਦਾ ਹੈ । ਡੈਂਗੂ ਅਤੇ ਚਿਕਨਗੁਨੀਆ ਬੁਖਾਰ ਏਡੀਜ ਐਜਿਪਟੀ ਨਾ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ।ਇਹ ਮੱਛਰ ਕੂਲਰਾਂ , ਗਮਲਿਆਂ, ਟਾਇਰਾਂ, ਫਰਿਜਾਂ ਦੀਆਂ ਪਿਛਲੀਆਂ ਟ੍ਰੇਆਂ , ਟੁੱਟੇ ਹੋਏ ਭਾਂਡਿਆਂ ਵਿੱਚ ਖੜ੍ਹੇ ਪਾਣੀ ਵਿੱਚ ਪੈਂਦਾ ਹੁੰਦਾ ਹੈ। ਸਰਕਾਰ ਵੱਲੋਂ ਹਰ ਫਰਾਈਡੇ ਨੂੰ ਡਰਾਈ ਡੇ ਮਨਾਇਆ ਜਾਂਦਾ ਹੈ ਇਸ ਦਿਨ ਸਾਨੂੰ ਕੂਲਰਾਂ , ਗਮਲਿਆਂ, ਫਰਿਜਾਂ ਦੀਆਂ ਪਿਛਲੀਆਂ ਟ੍ਰੇਨਾਂ, ਟੁੱਟੇ ਭਾਂਡਿਆਂ ਨੂੰ ਚੰਗੀ ਤਰਾਂ ਸਾਫ ਕਰਕੇ ਸੁਖਾ ਲੈਣਾ ਚਾਹੀਦਾ ਹੈ ।ਸਾਨੂੰ ਇਹਨਾਂ ਦਿਨਾਂ ਵਿੱਚ ਪੂਰੀਆਂ ਬਾਹਾਂ ਵਾਲੇ ਕੱਪੜੇ ਪਾਉਣੇ ਚਾਹੀਦੇ ਹਨ, ਸੌਣ ਵੇਲੇ ਮੱਛਰਦਾਨੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ, ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋ ਕਰਨੀ ਚਾਹੀਦੀ ਹੈ । ਅਸੀਂ ਛੋਟੀਆਂ ਛੋਟੀਆਂ ਸਾਵਧਾਨੀਆਂ ਵਰਤ ਕੇ ਇਹਨਾਂ ਬਿਮਾਰੀਆਂ ਤੋਂ ਬਚ ਸਕਦੇ ਹਾਂ । ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੇਗੂ, ਮਲੇਰੀਆ,ਚਿਕਨਗੁਨੀਆਂ ਬੁਖਾਰ ਦਾ ਟੈਸਟ ਅਤੇ ਇਲਾਜ ਮੁਫ਼ਤ ਕੀਤਾ ਜਾਂਦਾ ਹੈ ।ਇਸ ਤੋਂ ਇਲਾਵਾ ਨੋਮਨਜੀਤ ਕੌਰ (ਕਮਿਊਨਟੀ ਹੈਲਥ ਅਫਸਰ ਤੇ ਅਮ੍ਰਿਤਪੀਤ ਨੇ ਪੋਸ਼ਣ ਆਹਾਰ ਮਾਹ ,ਹੱਥਾਂ ਦੀ ਸਫਾਈ, ਦਸਤ ਰੋਗ ਤੋਂ ਬਚਾਅ ਬਾਰੇ ਦੱਸਿਆ ਨਾਲ ਪੱਖੋਂਕੇ ਪਿੰਡ ਦੇ ਆਸ਼ਾ ਵਰਕਰਸ ਭਗਵੰਤ ਕੌਰ,. ਪਰਮਜੀਤ ਕੌਰ, ਸਵਿੰਦਰਪਾਲ ਕੌਰ ਤੇ ਸੁਰਜੀਤ ਕੌਰ ਹਾਜਿਰ ਸਨ ।

ਪਿੰਡ ਪੱਖੋਂਕੇ ਦੇ ਘਰਾਂ ਵਿੱਚ ਪਏ ਫਾਲਤੂ ਸਮਾਨ 'ਚ ਮੱਛਰ ਦਾ ਲਾਰਵੇ ਦੀ ਜਾਂਚ ਅਤੇ ਪਿੰਡ ਨਿਵਾਸੀਆਂ ਨੂੰ ਮਲੇਰੀਆ, ਡੇਂਗੂ ਅਤੇ ਬਿਮਾਰੀਆਂ ਬਾਰੇ ਜਾਗਰੂਕ ਕਰਦੀ ਹੋਈ ਸਿਹਤ ਵਿਭਾਗ ਦੀ ਟੀਮ

## ਪਰਾਲੀ ਪ੍ਰਬੰਧਨ ਸਬੰਧੀ ਮੁਹਿਮ ਨੂੰ ਹੁਲਾਰਾ ਦੇਣ ਲਈ ਬਲਾਕ ਲੰਬੀ ਵਿਖੇ ਆਸਾਂ ਵਰਕਰਾਂ ਦੀ ਲਗਾਈ ਟ੍ਰੇਨਿੰਗ



ਮਲੋਟ (ਲੰਬੀ)(ਗੁਰਨਾਮ ਰੱਥੜੀਆ)(ਨਰਿੰਦਰ ਵਧਵਾ) ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਅਭਿਜੀਤ ਕਪਲਿਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜੁਗਰਾਜ ਸਿੰਘ ਉਪ ਮੰਡਲ ਮੈਜਿਸਟ੍ਰੇਟ, ਮਲੋਟ ਦੀ ਯੋਗ ਅਗਵਾਈ ਹੇਠ ਖੇਤੀਬਾੜੀ ਵਿਭਾਗ ਬਲਾਕ ਲੰਬੀ ਦੀ ਟੀਮ ਵੱਲੋਂ ਪਰਾਲੀ ਸਾੜਨ ਦੇ ਮਾੜੇ ਪ੍ਰਭਾਵ ਅਤੇ ਸੁਚੱਜੇ ਪ੍ਰਬੰਧਨ ਸਬੰਧੀ ਆਸਾ ਵਰਕਰਾਂ ਦੀ ਇੱਕ ਰੋਜ਼ਾ ਟ੍ਰੇਨਿੰਗ ਕਰਵਾਈ ਗਈ ਅਤੇ ਇਸ ਟਰੇਨਿੰਗ ਦਾ ਪ੍ਰਬੰਧ ਸੀ ਐਚ ਸੀ ਲੰਬੀ ਵਿਖੇ ਡਾ ਹਰਿੰਦਰ ਪਾਲ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਵੱਲੋਂ ਕਰਵਾਇਆ ਗਿਆ ਸ੍ਰੀ ਪਵਨ ਕੁਮਾਰ ਬਲਾਕ ਇੰਚਾਰਜ ਵੱਲੋਂ ਕੈਂਪ ਵਿੱਚ ਆਈਆਂ ਆਸਾਂ ਵਰਕਰਾਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਆਖ ਕੇ ਸੈਮੀਨਾਰ ਦੀ ਕਾਰਵਾਈ ਆਰੰਭ ਕਰਵਾਈ। ਡਾ ਸ਼ਕਤੀ ਪਾਲ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਸਮੇਂ ਹੁੰਦੇ ਧੂਏ ਨਾਲ ਬੱਚਿਆਂ, ਬਜ਼ੁਰਗਾਂ ਅਤੇ ਬਿਮਾਰ ਲੋਕਾਂ ਦੇ ਨਾਲ ਨਾਲ ਹਰ ਮਨੁੱਖ ਤੇ ਪੈਂਦੇ ਹਾਨੀਕਾਰਕ ਪ੍ਰਭਾਵ ਬਾਰੇ ਦੱਸਿਆ ਗਿਆ । ਡਾ ਮੰਜੂ ਰਾਣੀ ਵੱਲੋਂ ਪਰਾਲੀ ਦੇ ਧੂਏ ਕਾਰਨ ਅੱਖਾਂ ਤੇ ਪੈਂਦੇ ਮਾੜੇ ਪ੍ਰਭਾਵ ਬਾਰੇ ਦੱਸਿਆ ਗਿਆ । ਡਾ ਗੁਰਜੀਤ ਸਿੰਘ ਖੇਤੀਬਾੜੀ ਵਿਭਾਗ ਅਫਸਰ ਲੰਬੀ ਵੱਲੋਂ ਪਰਾਲੀ ਸਾੜਨ ਕਾਰਨ ਜਮੀਨ ਤੇ ਪੈਂਦੇ ਮਾੜੇ ਪ੍ਰਭਾਵ ਬਾਰੇ ਦੱਸਿਆ ਗਿਆ ਅਤੇ ਦੱਸਿਆ ਕਿ ਇਸ ਨਾਲ ਜਮੀਨ ਵਿੱਚ ਲਾਹੇਵੰਦ ਸੂਖਮ ਜੀਵ ਨਸ਼ਟ ਹੋ ਜਾਂਦੇ ਹਨ।

ਪਰਾਲੀ ਦੀ ਅੱਗ ਨਾਲ ਖੇਤਾਂ ਵਿੱਚ ਪੰਛੀਆਂ ਅਤੇ ਦਰਖਤਾਂ ਦਾ ਵੀ ਬਹੁਤ ਨੁਕਸਾਨ ਹੁੰਦਾ ਹੈ । ਡਾ ਸੁਖਚੈਨ ਸਿੰਘ ਖੇਤੀਬਾੜੀ ਵਿਕਾਸ ਅਫਸਰ ਲੰਬੀ ਵੱਲੋਂ ਦੱਸਿਆ ਗਿਆ ਕਿ ਪਰਾਲੀ ਦਾ ਸੁਚੱਜਾ ਪ੍ਰਬੰਧ ਜ਼ਮੀਨ ਵਿੱਚ ਹੀ ਖੇਤੀਬਾੜੀ ਵਿਭਾਗ ਵੱਲੋਂ ਦਿੱਤੀਆਂ ਸਬਸਿਡੀ ਤੇ ਮਸ਼ੀਨਾਂ ਜਿਵੇਂ ਕਿ ਸੁਪਰ ਸੀਡਰ,ਹੈਪੀ ਸੀਡਰ ਨਾਲ ਕਰਨਾ ਚਾਹੀਦਾ ਹੈ ਤਾਂ ਜੋਂ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵੀ ਵਾਧਾ ਹੋ ਸਕੇ। ਪਰਾਲੀ ਨੂੰ ਅੱਗ ਲਗਾਉਣ ਨਾਲ ਜੈਵਿਕ ਕਾਰਬਨ, ਫਾਸਫੋਰਸ, ਪੋਟਾਸ਼ ਅਤੇ ਹੋਰ ਵੀ ਬਹੁਤ ਸਾਰੇ ਤੱਤ ਨਸ਼ਟ ਹੋ ਜਾਂਦੇ ਹਨ ਜਿਹਨਾਂ ਦੀ ਪੂਰਤੀ ਬਾਅਦ ਵਿੱਚ ਕਿਸਾਨਾਂ ਨੂੰ ਖਾਦਾਂ ਦੀ ਵੱਧ ਵਰਤੋਂ ਕਰਕੇ ਕਰਨੀਂ ਪੈਂਦੀ ਹੈ ਅਤੇ ਕਿਸਾਨਾਂ ਦਾ ਖ਼ਰਚਾ ਵੀ ਵੱਧ ਜਾਂਦਾ ਹੈ । ਇਸ ਮੌਕੇ ਗੁਰਦੀਪ ਸਿੰਘ ਨਾਇਬ ਤਹਿਸੀਲਦਾਰ ਲੰਬੀ ਵੱਲੋਂ ਸਮੂਹ ਆਸ਼ਾ ਵਰਕਰਾਂ ਅਤੇ ਸਟਾਫ ਦਾ ਧੰਨਵਾਦ ਕਰਦੇ ਹੋਏ ਅਪੀਲ ਕੀਤੀ ਗਈ ਕਿ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾਲ ਲਗਾਉਣ ਸਬੰਧੀ ਇਸ ਜਾਗਰੂਕਤਾ ਮੁਹਿੰਮ ਦਾ ਹਿੱਸਾ ਬਣਿਆ ਜਾਵੇ ਤਾਂ ਜੋਂ ਇਸ ਸੀਜ਼ਨ ਦੌਰਾਨ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਘੱਟ ਕੀਤਾ ਜਾ ਸਕੇ । ਇਸ ਸੈਮੀਨਾਰ ਦੌਰਾਨ ਡਾ ਇਮਾਨ ਪ੍ਰੀਤ ਸਿੰਘ ਮੈਡੀਕਲ ਅਫ਼ਸਰ ਅਤੇ ਸ ਪ੍ਰਿਤਪਾਲ ਸਿੰਘ ਐਸ,ਆਈ, ਵੱਲੋਂ ਵਿਸ਼ੇਸ਼ ਤੌਰ ਤੇ ਹਾਜਰ ਸਨ।

## ਸਿਆਸੀ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਕਟਾਰੀਆ ਪਰਿਵਾਰ ਨਾਲ ਕੀਤਾ ਅਫਸੋਸ ਪ੍ਰਗਟ



ਨਵਾਂਸ਼ਹਿਰ /ਕਾਠਗੜ੍ਹ, 10 ਅਕਤੂਬਰ (ਜਤਿੰਦਰ ਪਾਲ ਸਿੰਘ ਕਲੇਰ )-ਮੱਕੋਵਾਲ ਦੇ ਨਾਮਵਰ ਕਟਾਰੀਆ ਪਰਿਵਾਰ ਜਿਨ੍ਹਾਂ ਦਾ ਜੱਦੀ ਪਿੰਡ ਪਿਛੇ ਨਿੰਘੀ ਹੈ ਦੇ ਮਾਤਾ ਕਿਸ਼ਨੀ ਦੇਵੀ ਧਰਮ ਪਤਨੀ ਸਵ. ਪ੍ਰੀਤਮ ਸਿੰਘ ਕਾਨੂੰਗੋ ਲੰਮੀ ਉਮਰ ਕਰੀਬ 95 ਸਾਲ ਭੋਗ ਕੇ ਸੰਖੇਪ ਜਿਹੇ ਬਿਮਾਰ ਰਹਿਣ ਉਪਰੰਤ ਪਿਛਲੇ ਦਿਨੀਂ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ ਸਨ। ਇਲਾਕੇ ਦੀਆਂ ਸਿਆਸੀ ਤੇ ਸਮਾਜਿਕ ਸ਼ਖ਼ਸੀਅਤਾਂ ਸਾਬਕਾ ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ, ਕਾਮਰੇਡ ਪਰਮਿੰਦਰ ਮੇਨਕਾ, ਨੌਜਵਾਨ ਆਗੂ ਰਮਨ ਚੌਧਰੀ ਨੰਦ ਲਾਲ, ਜਥੇਦਾਰ ਜੋਗਿੰਦਰ ਸਿੰਘ ਅਟਵਾਲ, ਗੁਰਦੀਪ ਸਿੰਘ ਬਕਾਪੁਰ, ਨਿਰਵੈਰ ਸਿੰਘ ਮਹਿਤਪੁਰ, ਸ਼ੰਮੀ ਜਲਾਲਪੁਰ, ਸਾਬਕਾ ਸਰਪੰਚ ਚੌਧਰੀ ਪ੍ਰੇਮ ਕਲਾਰ, ਅਸ਼ੋਕ ਕੁਮਾਰ ਸੜੋਆ, ਜਗਦੀਸ਼ ਬਜਾੜ, ਰਾਜ ਕੁਮਾਰ ਲੁਧਿਆਣਾ, ਸੁਖਦੇਵ ਸਿੰਘ ਲੁਧਿਆਣਾ, ਬਲਦੇਵ ਚੌਹਾਨ ਲੁਧਿਆਣਾ, ਗੁਰਵਿੰਦਰ ਸਿੰਘ ਮੱਲ੍ਹੀ, ਧਰਮਪਾਲ ਕਾਠਗੜ੍ਹ, ਪ੍ਰਵੀਨ ਕਾਕਾ ਕਾਠਗੜ੍ਹ, ਚਰਨਜੀਤ ਸਿੰਘ ਕਿਸ਼ਨਪੁਰ, ਹਰਭਜਨ ਸਿੰਘ ਭੱਰਥਲਾ, ਚਰਨਦਾਸ ਆਦੋਆਣਾ, ਪ੍ਰੇਮ ਸਿੰਘ ਸਰਪੰਚ ਮੱਤੋਂ ਮੰਡ, ਦੇਵ ਰਾਜ ਮੱਤੋ, ਜਰਨੈਲ ਸਿਘ ਰੈਲਮਾਜਰਾ, ਕਰਨੈਲ ਸਿੰਘ ਰੈਲਮਾਜਰਾ, ਸੁਰਿੰਦਰਪਾਲ ਸਿੰਘ ਨਵਾਂ ਪਿੰਡ ਟੱਪਰੀਆਂ, ਸਰਪੰਚ ਨੌਹਰੀਆ ਰਾਮ ਗੋਲੂਮਾਜਰਾ, ਗੁਰਿੰਦਰ ਪਾਲ ਉਧਨੋਵਾਲ, ਨਰੇਸ਼ ਕੁਮਾਰ ਉਧਨੋਵਾਲ, ਮਾਸਟਰ ਬਲਦੇਵ ਸਿੰਘ ਟੌਂਸਾ, ਸਤਪਾਲ ਟੌਂਸਾ, ਕੁਲਦੀਪ ਕੁਮਾਰ ਕਰੀਮਪੁਰ, ਇਕਬਾਲ ਸਿੰਘ, ਮਲਕੀਤ ਸਿੰਘ ਨਿੰਘੀ, ਸਾਬਕਾ ਸਰਪੰਚ ਸੋਨੂੰ ਰਾਜੂਮਾਜਰਾ, ਦਿਲਬਾਗ ਰਾਜੂਮਾਜਰਾ, ਬਚਨ ਭਾਟੀਆ ਰਾਜੂਮਾਜਰਾ, ਅਸ਼ੋਕ ਕੁਮਾਰ ਲੰਬੜਦਾਰ ਰੱਤੇਵਾਲ, ਗੁਰਮੇਵਕ ਜੋਗੇਵਾਲ, ਰੌਸ਼ਨ ਉਧਨੋਵਾਲ, ਰਕੇਸ਼ ਕੁਮਾਰ ਜਲੰਧਰ, ਲਖਵਿੰਦਰ ਸਿੰਘ ਜਲੰਧਰ, ਅਵੀਨਾਸ਼ ਰਾਏ ਮਾਣੇਵਾਲ, ਸੁਖਦੇਵ ਸਿੰਘ ਪਨੇਸਰ, ਜਤਿੰਦਰਪਾਲ ਸਿੰਘ ਕਲੇਰ, ਹਰਦੀਪ ਸਿੰਘ ਗਹੂੰਣ ਨੇ ਗ੍ਰਹਿ ਮੱਕੋਵਾਲ ਪਹੁੰਚ ਕੇ ਅਫਸੋਸ ਪ੍ਰਗਟ ਕੀਤਾ। ਇਸ ਸਮੇਂ ਪਰਿਵਾਰਿਕ ਮੈਂਬਰ ਸਵਰਨਜੀਤ ਸਿੰਘ ਲੰਬਰਦਾਰ, ਗੁਰਬਖਸ਼ ਸਿੰਘ ਰਿਟਾਇਰ ਜੀ.ਐਮ, ਜਗਤਾਰ ਸਿੰਘ, ਮੇਹਰ ਸਿੰਘ ਰਿਟਾਇਰ ਕਾਨੂੰਗੋ, ਮਨੋਹਰ ਸਿੰਘ, ਹਰਪਾਲ ਸਿੰਘ ਬਲਾਕ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਗੁਰਦੀਪ ਸਿੰਘ, ਰਣਜੀਤ ਸਿੰਘ, ਰਘਵੀਰ ਸਿੰਘ, ਬਲਦੇਵ ਸਿੰਘ, ਸ਼ਮਸ਼ੇਰ ਸਿੰਘ, ਪਰਮਿੰਦਰ ਸਿੰਘ ਸਮੇਤ ਹੋਰ ਵੀ ਬਹੁਤ ਸਾਰੇ ਰਿਸ਼ਤੇਦਾਰ ਅਤੇ ਪਰਿਵਾਰ ਮੈਂਬਰ ਹਾਜ਼ਰ ਸਨ। ਕਿਸਾਨ ਆਗੂ ਹਰਪਾਲ ਸਿੰਘ ਮੱਕੋਵਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਤਾ ਕਿਸ਼ਨੀ ਦੇਵੀ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 12 ਅਕਤੂਬਰ ਦਿਨ ਐਤਵਾਰ ਨੂੰ ਗ੍ਰਹਿ ਮੱਕੋਵਾਲ ਵਿਖੇ ਹੋਵੇਗਾ।

## ਬਲਾਕ ਸਮਾਣਾ 2 ਦੇ ਸਰਕਾਰੀ ਸਕੂਲਾਂ ਦੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਸਿਖਲਾਈ ਕਰਵਾਈ ਗਈ।



ਸਮਾਣਾ 10 ਅਕਤੂਬਰ (ਹਰਜਿੰਦਰ ਸਿੰਘ ) ਸਕੂਲ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੈਂਟਰ ਫਤਿਹਪੁਰ ਦੇ ਸਮੂਹ ਸਕੂਲਾਂ ਦੀਆਂ ਸਕੂਲ ਮੈਨੇਜਮੈਂਟ ਕਮੇਟੀ ਦੀ ਟ੍ਰੇਨਿੰਗ ਜ਼ਿਲ੍ਹਾ ਸਿੱਖਿਆ ਅਫਸਰ ਪਟਿਆਲਾ ਸ਼੍ਰੀਮਤੀ ਸ਼ਾਲੂ ਮਹਿਰਾ, ਉੱਪ ਜਿਲ੍ਹਾ ਸਿੱਖਿਆ ਅਫਸਰ ਪਟਿਆਲਾ ਸ਼੍ਰੀਮਤੀ ਮਨਵਿੰਦਰ ਕੌਰ ਭੁੱਲਰ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸਮਾਣਾ 2 ਸ਼੍ਰੀ ਗੋਪਾਲ ਕ੍ਰਿਸ਼ਨ ਸ਼ਰਮਾ ਜੀ ਦੀ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਟੋਡਰਪੁਰ ਵਿਖੇ ਕਰਵਾਈ ਗਈ। ਸਿਖਲਾਈ ਨੂੰ ਸੰਬੋਧਨ ਕਰਦਿਆਂ ਸ੍ਰੀ ਗੋਪਾਲ ਕ੍ਰਿਸ਼ਨ ਸ਼ਰਮਾ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸਮਾਣਾ ਜੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੀ ਤਰੱਕੀ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦਾ ਅਹਿਮ ਯੋਗਦਾਨ ਹੁੰਦਾ ਹੈ। ਸਕੂਲ ਅਧਿਆਪਕਾਂ ਅਤੇ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਯਤਨਾ ਸਦਕਾ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਸਾਰੇ ਸੂਬਿਆਂ ਨੂੰ ਪਛਾੜ ਕੇ ਪਹਿਲੇ ਨੰਬਰ ਤੇ ਪਹੁੰਚਿਆ ਹੈ ਅਤੇ ਇਹਨਾਂ ਦੀ ਮਿਹਨਤ ਸਦਕਾ ਹੀ ਲਗਭਗ 80 ਹਜ਼ਾਰ ਵਿਦਿਆਰਥੀ ਪ੍ਰਾਈਵੇਟ ਸਕੂਲ ਛੱਡ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਹੋਏ ਹਨ। ਇਸ ਤੋਂ ਇਲਾਵਾ ਹਜ਼ਾਰਾਂ ਵਿਦਿਆਰਥੀਆਂ ਨੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਕੇ ਆਈ.ਆਈ.ਟੀ ਅਤੇ ਐਮਬੀਬੀਐਸ ਵਿੱਚ ਦਾਖਲਾ ਲਿਆ ਹੈ। ਸਿਖਲਾਈ ਵਿੱਚ ਬਲਾਕ ਰਿਸੋਰਸ ਪਰਸਨ ਤਲਵਿੰਦਰ ਸਿੰਘ ਸੋਹਲ ਨੇ ਸਕੂਲ ਮੈਨੇਜਮੈਂਟ ਕਮੇਟੀਆਂ ਨੂੰ ਸਕੂਲਾਂ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਪਾਉਣ ਲਈ ਪ੍ਰੇਰਦਿਆਂ ਕਿਹਾ ਕਿ ਜਿਸ ਤਰੀਕੇ ਪੰਚਾਇਤ ਸਮੂਹ ਪਿੰਡ ਦੇ ਵਿਕਾਸ ਲਈ ਯਤਨ ਕਰਦੀ ਹੈ ਉਸ ਤਰੀਕੇ ਨਾਲ ਹੀ ਸਕੂਲ ਮੈਨੇਜਮੈਂਟ ਕਮੇਟੀ ਦਾ ਮੁੱਖ ਕੰਮ ਸਕੂਲ ਦਾ ਵਿਕਾਸ ਕਰਨਾ ਹੁੰਦਾ ਹੈ। ਕਮੇਟੀਆਂ ਅਧਿਆਪਕ ਦੇ ਨਾਲ ਮਿਲ ਕੇ ਵਿਦਿਆਰਥੀਆਂ ਦੇ ਦਾਖਲੇ ਸਬੰਧੀ, ਵਿਦਿਆਰਥੀਆਂ ਦੀ ਹਾਜ਼ਰੀ ਵਧਾਉਣ ਸਬੰਧੀ, ਪ੍ਰਾਪਤ ਗਰਾਂਟਾਂ ਦੀ ਸੁਚੱਜੀ ਵਰਤੋ ਸਬੰਧੀ ਅਤੇ ਸਕੂਲ ਅਤੇ ਪਿੰਡ ਵਾਸੀਆਂ ਵਿੱਚਕਾਰ ਪੁੱਲ ਵਾਂਗ ਕੰਮ ਕਰਨਾ ਚਾਹੀਦਾ ਹੈ। ਰਿਸੋਰਸ ਪਰਸਨ ਜਤਿੰਦਰ ਵਰਮਾ ਜੀ ਨੇ ਹਾਜ਼ਰ ਕਮੇਟੀ ਮੈਂਬਰਾਂ ਨੂੰ ਉਹਨਾਂ ਦੇ ਫਰਜ਼ਾਂ ਅਤੇ ਅਧਿਕਾਰਾਂ ਬਾਰੇ ਜਾਣੂ ਕਰਵਾਇਆ। ਟਰੇਨਿੰਗ ਉਪਰੰਤ ਸਮੂਹ ਕਮੇਟੀ ਮੈਂਬਰ ਅਤੇ ਅਧਿਆਪਕਾਂ ਲਈ ਵਧੀਆ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ। ਇਸ ਟਰੇਨਿੰਗ ਵਿੱਚ ਸੈਂਟਰ ਇੰਚਾਰਜ ਗਗਨਪ੍ਰੀਤ ਕੌਰ , ਨਰਿੰਦਰ ਕੁਮਾਰ ਹੈਡ ਟੀਚਰ, ਜੁਗਪ੍ਰਗਟ ਸਿੰਘ , ਜਸਬੀਰ ਸਿੰਘ ਹੈਡ ਟੀਚਰ, ਕਲੱਸਟਰ ਫਤਿਹਪੁਰ ਅਧੀਨ ਪੈਂਦੇ ਸਮੂਹ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਸਕੱਤਰ ਅਧਿਆਪਕ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਨੇ ਭਾਗ ਲਿਆ।

# ਨੂਰ-ਏ-ਚਾਂਦ ਕਰਵਾ ਚੌਥ ਸਮਾਰੋਹ ਮਨਾਇਆ ਗਿਆ



ਫਗਵਾੜਾ 10 ਅਕਤੂਬਰ (ਸ਼ਿਵ ਕੌੜਾ) ਕਰਵਾ ਚੌਥ ਦੇ ਸ਼ੁਭ ਮੌਕੇ 'ਤੇ ਫਗਵਾੜਾ ਦੇ ਮਿਰੈਕਲ ਰਿਜ਼ੋਰਟ ਵਿਖੇ ਮੈਡਮ ਵਨਿਕਾ ਜੈਨ ਅਤੇ ਪੂਜਾ ਜੈਨ ਦੁਆਰਾ "ਨੂਰ-ਏ-ਚਾਂਦ ਕਰਵਾ ਚੌਥ" ਦਾ ਇੱਕ ਸ਼ਾਨਦਾਰ ਜਸ਼ਨ ਮਨਾਇਆ ਗਿਆ। ਇਹ ਜਸ਼ਨ ਸੁੰਦਰਤਾ, ਸੱਭਿਆਚਾਰ ਅਤੇ ਉਤਸ਼ਾਹ ਨਾਲ ਭਰਿਆ ਹੋਇਆ ਸੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਨੇ ਹਿੱਸਾ ਲਿਆ। ਸੁੰਦਰ ਪਰੰਪਰਾਗਤ ਪਹਿਰਾਵੇ ਅਤੇ ਗਹਿਣਿਆਂ ਵਿੱਚ ਸਜ ਕੇ, ਸਥਾਨ ਸੱਚਮੁੱਚ ਇੱਕ ਤਿਉਹਾਰੀ ਸਮਾਗਮ ਬਣ ਗਿਆ। ਸਮਾਗਮ ਦੀ ਸ਼ੁਰੂਆਤ ਇੱਕ ਸਵਾਗਤੀ ਗੀਤ ਅਤੇ ਦੀਵੇ ਜਗਾਉਣ ਨਾਲ ਹੋਈ। ਉਨ੍ਹਾਂ ਨੇ ਮੌਜੂਦ ਔਰਤਾਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਕਰਵਾ ਚੌਥ ਸਿਰਫ਼ ਵਰਤ ਦਾ ਤਿਉਹਾਰ ਨਹੀਂ ਹੈ, ਸਗੋਂ ਪਿਆਰ, ਵਿਸ਼ਵਾਸ ਅਤੇ ਭਾਰਤੀ ਪਰੰਪਰਾਵਾਂ ਦਾ ਪ੍ਰਤੀਕ ਹੈ। ਸਮਾਗਮ ਦੌਰਾਨ, ਔਰਤਾਂ ਲਈ ਕਈ ਮਨੋਰੰਜਕ ਖੇਡਾਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਰਵਾ ਕਵੀਨ, ਬੈਸਟ ਡਰੈੱਸਡ, ਮਿਊਜ਼ੀਕਲ ਚੇਅਰ ਅਤੇ ਸਜਾਓ ਥਾਲੀ ਮੁਕਾਬਲਾ ਵਰਗੀਆਂ ਗਤੀਵਿਧੀਆਂ ਸ਼ਾਮਲ ਸਨ। ਸਾਰੇ ਭਾਗੀਦਾਰਾਂ ਨੇ ਬਹੁਤ ਉਤਸ਼ਾਹ ਅਤੇ ਜੋਸ਼ ਨਾਲ ਹਿੱਸਾ ਲਿਆ। ਡੀਜੇ ਡਾਂਸ ਨੇ ਮਾਹੌਲ ਨੂੰ ਹੋਰ ਵੀ ਜੀਵੰਤ ਬਣਾ ਦਿੱਤਾ, ਜਿੱਥੇ ਔਰਤਾਂ ਨੇ ਪ੍ਰਸਿੱਧ ਗੀਤਾਂ 'ਤੇ ਨੱਚਿਆ ਅਤੇ ਕਰਵਾ ਚੌਥ ਨੂੰ ਯਾਦਗਾਰੀ ਬਣਾ ਦਿੱਤਾ। ਇਸ ਦੇ ਨਾਲ ਹੀ ਔਰਤਾਂ ਨੇ ਇੱਕ ਦੂਜੇ ਨੂੰ ਕਰਵਾ ਚੌਥ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਇਸ ਪਵਿੱਤਰ ਵਰਤ ਦੇ ਧਾਰਮਿਕ ਅਤੇ ਸੱਭਿਆਚਾਰਕ ਮਹੱਤਵ ਬਾਰੇ ਵੀ ਚਰਚਾ ਕੀਤੀ। ਪ੍ਰੋਗਰਾਮ ਦੇ ਅੰਤ ਵਿੱਚ, ਜੇਤੂਆਂ ਨੂੰ ਵਿਸ਼ੇਸ਼ ਤੋਹਫ਼ੇ ਦੇ ਕੇ ਉਤਸ਼ਾਹਿਤ ਕੀਤਾ ਗਿਆ। ਸਾਰਿਆਂ ਨੇ ਪ੍ਰਬੰਧਕਾਂ ਦੇ ਇਸ ਸੁੰਦਰ ਯਤਨ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅਜਿਹੇ ਪ੍ਰੋਗਰਾਮ ਸਮਾਜ ਵਿੱਚ ਆਪਸੀ ਪਿਆਰ, ਭਾਈਚਾਰਾ ਅਤੇ ਭਾਰਤੀ ਪਰੰਪਰਾਵਾਂ ਪ੍ਰਤੀ ਲਗਾਵ ਨੂੰ ਮਜ਼ਬੂਤ ਕਰਦੇ ਹਨ।

# ਸਵ : ਅਮਨਿੰਦਰ ਸਿੰਘ ਭਾਊ ਦੀ ਯਾਦ ਚ ਭਾ ਚ ਲਗਾਇਆ ਗਿਆ ਵਿਸ਼ਾਲ ਖੂਨਦਾਨ ਕੈਂਪ



ਨਾਭਾ 10 ਅਕਤੂਬਰ ( ਚੇਤਨ ਮਹਿਤਾ ) ਸਥਾਨਕ ਰੋਟਰੀ ਕਲੱਬ ਵਿਖੇ ਸਵਰਗੀ ਅਮਨਿੰਦਰ ਸਿੰਘ ਭਾਊ ਹਿੰਮਤਪੁਰਾ ਦੀ ਨਿੱਘੀ ਯਾਦ ਨੂੰ ਸਮਰਪਤ ਅਕਾਸ਼ਦੀਪ ਸਿੰਘ ਹਿੰਮਤਪੁਰਾ ਪਰਿਵਾਰ ਵਲੋਂ ਸਹਿਯੋਗੀ ਸੱਜਣਾ ਦੇ ਸਹਿਯੋਗ ਵਿਖੇ ਨਾਲ ਰੋਟਰੀ ਕਲੱਬ ਨਾਭਾ ਤੀਸਰਾ ਵਿਸ਼ਾਲ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੋਰ ਤੇ ਮੱਖਣ ਸਿੰਘ ਲਾਲਕਾ ਹਲਕਾ ਇੰਚਾਰਜ ਨਾਭਾ ਸ਼੍ਰੋਮਣੀ ਅਕਾਲੀ ਦਲ ਨਾਭਾ,ਇੰਪਰੂਵਮੈਂਟ ਟਰੱਸਟ ਜੱਸੀ ਸੋਹੀਆਵਾਲਾ, ਅਤੇ ਜਿਲਾ ਚੇਅਰਮੈਨ ਐਸ ਸੀ ਵਿਭਾਗ ਕਾਂਗਰਸ ਕੁਲਵਿੰਦਰ ਸਿੰਘ ਸੁੱਖੇਵਾਲ ਨੇ ਸ਼ਿਰਕਤ ਕਰਦਿਆਂ ਖੂਨਦਾਨੀਆਂ ਤੇ ਪ੍ਰਬੰਧਕਾ ਦੀ ਸ਼ਲਾਘਾ ਕਰਦਿਆਂ ਕਿਹਾ ਖੂਨਦਾਨ ਮਹਾਂਦਾਨ ਹੈ ਸਾਡੇ ਵਲੋਂ ਦਿੱਤਾ ਖੂਨ ਕਿਸੇ ਲੋੜਬੰਦ ਵਿਆਕਤੀ ਦੀ ਜਾਨ ਬਚਾ ਸਕਦਾ ਹੈ ਇਸ ਕੈਂਪ ਵਿੱਚ ਡਾਕਟਰ ਸੁਖਵਿੰਦਰ ਸਰਕਾਰੀ ਰਾਜਿੰਦਰਾ ਹਸਪਤਾਲ ਦੀ ਟੀਮ ਵਲੋਂ ਲੱਗਭੱਗ ਖੂਨ ਦੇ 150 ਯੂਨਿਟ ਇਕੱਤਰ ਕੀਤੇ ਇਸ ਮੋਕੇ ਮਨਦੀਪ ਸਿੰਘ,ਰਾਜਵੀਰ ਸਿੰਘ,ਕੁਲਵਿੰਦਰ ਸਿੰਘ,ਭੀਮ ਸ਼ਰਮਾ,ਗੁਰਵਿੰਦਰ ਸਿੰਘ, ਜੱਸੀ, ਜੱਸ ਕੌਲਛੇੜੀ,ਸੁਖਦੀਪ ਮਾਨ ਤੇ ਸਹਿਯੋਗੀ ਮੋਜੂਦ ਸਨ

# ਹਲਕਾ ਜੰਡਿਆਲਾ ਗੁਰੂ ਤੋਂ ਅਕਾਲੀ ਦਲ ਦੀ ਸਥਿਤੀ ਦਿਨੋ - ਦਿਨ ਕਮਜ਼ੋਰ, ਨਵੇਂ ਹਲਕਾ ਇੰਚਾਰਜ ਤੋਂ ਵੀ ਨਹੀਂ ਸੰਭਾਲਿਆ ਜਾ ਰਿਹਾ ਕੇਡਰ.





ਜੰਡਿਆਲਾ ਗੁਰੂ (ਸੁਖਜਿੰਦਰ ਸਿੰਘ ਸੋਨੂੰ, ਗੁਲਸ਼ਨ ਵਿਨਾਇਕ)ਪੰਜਾਬ ਵਿਧਾਨ ਸਭਾ ਦੀਆਂ 2027 ਦੀਆਂ ਚੋਣਾਂ ਨੂੰ ਲੈ ਕੇ ਸਾਰੀਆਂ ਪਾਰਟੀਆਂ ਵੱਲੋਂ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਜੋ ਕਿਸੇ ਵੇਲੇ ਪੰਜਾਬ ਦੀ ਸੱਤਾ 'ਤੇ 1997, 2007 ਤੇ 2012 ਵਿੱਚ 15 ਸਾਲ ਕਾਬਜ਼ ਰਿਹਾ ਇਸ ਸਮੇਂ ਆਪਣੀ ਹੋਂਦ ਲਈ ਲੜਾਈ ਲੜ ਰਿਹਾ ਹੈ। ਅਕਾਲੀ ਦਲ ਤੋਂ ਵੱਖ ਹੋ ਕੇ ਵੱਖਰਾ ਧੜਾ ਜਿਸ ਦੀ ਅਗਵਾਈ ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕਰ ਰਹੇ ਹਨ, ਵਲੋਂ ਅਕਾਲੀ ਦਲ ਨੂੰ ਤਕੜੀ ਚੁਣੌਤੀ ਦਿੱਤੀ ਜਾ ਰਹੀ ਹੈ। ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਬਣੇ ਭਾਈ ਅੰਮ੍ਰਿਤਪਾਲ ਸਿੰਘ ਦਾ ਧੜਾ ਵੀ ਸਮੇਂ - ਸਮੇਂ 'ਤੇ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੂੰ ਪੰਥਕ ਮੁੱਦਿਆਂ ਤੇ ਘੇਰਦਾ ਨਜ਼ਰ ਆਉਂਦਾ ਹੈ।

ਇਧਰ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਵਿੱਚ ਵੀ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦੇ ਹਾਲਾਤ ਕੁਝ ਵਧੀਆ ਨਹੀਂ ਜਾਪਦੇ। ਕੁਝ ਦਿਨ ਪਹਿਲਾਂ ਸੁਖਬੀਰ ਸਿੰਘ ਬਾਦਲ ਧੜੇ ਵੱਲੋਂ ਸਾਬਕਾ ਵਿਧਾਇਕ ਮਲਕੀਅਤ ਸਿੰਘ ਏ.ਆਰ ਦੇ ਬੇਟੇ ਸੰਦੀਪ ਸਿੰਘ ਨੂੰ ਇਸ ਹਲਕੇ ਵਿੱਚ ਅਕਾਲੀ ਦਲ ਦਾ ਹਲਕਾ ਇੰਚਾਰਜ ਥਾਪ ਦਿੱਤਾ। ਅਕਾਲੀ ਦਲ ਨੇ ਹਰ ਵਾਰ ਇਸ ਹਲਕੇ ਤੋਂ ਨਵਾਂ ਚਿਹਰਾ ਦਿੱਤਾ ਜਿਸ ਕਾਰਨ ਹਲਕੇ ਵਿੱਚ ਪਾਰਟੀ ਦੇ ਵਰਕਰਾਂ ਲਈ ਸਥਿਤੀ ਦੁਚਿਤੀ ਵਾਲੀ ਰਹੀ। 1997 ਵਿੱਚ ਇਸ ਸੀਟ ਤੋਂ ਮਾਰਕੀਟ ਕਮੇਟੀ ਦੇ ਇੱਕ ਮੁਲਾਜ਼ਮ ਇੰਦਰਜੀਤ ਸਿੰਘ ਨੂੰ ਟਿਕਟ ਦੇ ਕੇ ਕੁਝ ਦਿਨਾਂ ਬਾਅਦ ਹੀ ਖੋਹ ਲਈ ਗਈ ਅਤੇ ਅਜੇਪਾਲ ਸਿੰਘ ਮੀਰਾਂਕੋਟ ਨੂੰ ਪਾਰਟੀ ਟਿਕਟ ਦੇ ਦਿੱਤੀ ਗਈ। 2002 ਵਿੱਚ ਇੱਥੋਂ ਅਕਾਲੀ ਦਲ ਨੇ ਮਲਕੀਅਤ ਸਿੰਘ ਏ.ਆਰ ਨੂੰ ਉਮੀਦਵਾਰ ਬਣਾਇਆ ਪਰ ਉਹ ਹਾਰ ਗਏ , 2007 ਵਿੱਚ ਮਲਕੀਅਤ ਸਿੰਘ ਦੁਬਾਰਾ ਚੋਣ ਲੜਾਈ ਗਈ ਜਿਸ ਵਿੱਚ ਉਹ ਜੇਤੂ ਰਹੇ। 2012 ਵਿੱਚ ਇੱਥੋਂ ਚੋਣ ਲੜਨ ਲਈ ਮਲਕੀਅਤ ਸਿੰਘ ਏ.ਆਰ. ਤੋਂ ਇਲਾਵਾ ਡਾ. ਦਲਬੀਰ ਸਿੰਘ ਵੇਰਕਾ ਤੇ ਬਲਜੀਤ ਸਿੰਘ ਜਲਾਲ ਉਸਮਾ ਦਾਅਵੇਦਾਰ ਸਨ ਐਨ ਮੌਕੇ 'ਤੇ ਆ ਕੇ ਬਲਜੀਤ ਜਲਾਲਉਸਮਾ ਨੂੰ ਟਿਕਟ ਦੇ ਕੇ ਚੋਣ ਮੈਦਾਨ ਵਿੱਚ ਉਤਾਰਿਆ ਗਿਆ। 2017 ਵਿੱਚ ਇੱਥੋਂ ਡਾਕਟਰ ਦਲਬੀਰ ਸਿੰਘ ਵੇਰਕਾ ਅਕਾਲੀ ਦਲ ਦੇ ਉਮੀਦਵਾਰ ਸਨ, ਜੋ ਹੁਣ ਆਮ ਆਦਮੀ ਪਾਰਟੀ ਵਿੱਚ ਚਲੇ ਗਏ ਹਨ। 2022 ਵਿੱਚ ਭਾਵੇਂ ਸੰਦੀਪ ਸਿੰਘ ਟਿਕਟ ਦੇ ਪ੍ਰਮੁੱਖ ਦਾਅਵੇਦਾਰਾਂ ਵਿੱਚ ਸਨ, ਪਰ ਪਾਰਟੀ ਨੇ ਕਾਂਗਰਸ ਨਾਲ ਸੰਬੰਧਿਤ ਰਹੇ ਸਾਬਕਾ ਵਿਧਾਇਕ ਰਣਜੀਤ ਸਿੰਘ ਛੱਜਲਵੱਡੀ ਦੇ ਬੇਟੇ ਸਤਿੰਦਰ ਸਿੰਘ ਛੱਜਣਵੱਡੀ ਨੂੰ ਪਾਰਟੀ ਵਿੱਚ ਸ਼ਾਮਿਲ ਕਰਵਾ ਕੇ ਇੱਕ ਵਾਰੀ ਫਿਰ ਨਵਾਂ ਤਜਰਬਾ ਕਰਨ ਦੀ ਕੋਸ਼ਿਸ਼ ਕੀਤੀ। ਹਰ ਚੋਣ ਵਿੱਚ ਨਵਾਂ ਤਜਰਬਾ ਕਰਨ ਕਰਕੇ ਅਕਾਲੀ ਦਲ ਦਾ ਵੋਟ ਬੈਂਕ ਲਗਾਤਾਰ ਘੱਟਦਾ ਗਿਆ। 2012 ਤੋਂ ਬਾਅਦ ਅਕਾਲੀ ਦਲ ਕਦੀ ਵੀ ਇਸ ਸੀਟ ਤੋਂ ਜੇਤੂ ਨਹੀਂ ਰਿਹਾ।

2017 ਵਿੱਚ ਸੁਖਵਿੰਦਰ ਸਿੰਘ ਡੈਨੀ ਚੋਣਾਂ ਵਿੱਚ ਜਿੱਤੇ , 2022 ਵਿੱਚ ਆਮ ਆਦਮੀ ਪਾਰਟੀ ਦੀ ਇੱਕ ਪਾਸੜ ਹਵਾ ਹੋਣ ਕਾਰਨ ਹਰਭਜਨ ਸਿੰਘ ਈਟੀਓ ਵਿਧਾਇਕ ਬਣੇ ਅਤੇ ਬਾਅਦ ਵਿੱਚ ਉਹਨਾਂ ਨੂੰ ਕੈਬਨਿਟ ਮੰਤਰੀ ਬਣਨ ਦਾ ਮੌਕਾ ਮਿਲਿਆ। ਸੁਖਬੀਰ ਬਾਦਲ ਵੱਲੋਂ ਕੁਝ ਦਿਨ ਪਹਿਲਾਂ ਸੰਦੀਪ ਸਿੰਘ ਨੂੰ ਹਲਕਾ ਇੰਚਾਰਜ ਬਣਾਏ ਜਾਣ ਤੋਂ ਬਾਅਦ ਇੱਕ ਵੱਖਰੇ ਗਰੁੱਪ ਵੱਲੋਂ ਇੱਕ ਦੋ ਦਿਨ ਪਹਿਲੋਂ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਧਰਮ ਪਤਨੀ ਅਤੇ ਮਜੀਠਾ ਤੋਂ ਵਿਧਾਇਕਾ ਬੀਬਾ ਗਨੀਵ ਕੌਰ ਨਾਲ ਮੁਲਾਕਾਤ ਕਰਕੇ ਆਪਣਾ ਵੱਖਰਾ ਸ਼ਕਤੀ ਪ੍ਰਦਰਸ਼ਨ ਕੀਤਾ ਅਤੇ ਸੂਤਰਾਂ ਅਨੁਸਾਰ ਉਹਨਾਂ ਨੇ ਪਾਰਟੀ ਵੱਲੋਂ ਲਗਾਏ ਨਵੇਂ ਹਲਕਾ ਇੰਚਾਰਜ ਪ੍ਰਤੀ ਨਰਾਜ਼ਗੀ ਜਾਹਰ ਕਰਦਿਆਂ ਬਿਕਰਮ ਸਿੰਘ ਮਜੀਠੀਆ ਦਾ ਵਫਾਦਾਰ ਹੋਣ ਦੀ ਗੱਲ ਵੀ ਆਖੀ। ਸੂਤਰਾਂ ਅਨੁਸਾਰ ਵੀ ਪਤਾ ਲੱਗਾ ਹੈ ਕਿ ਸਤਿੰਦਰ ਸਿੰਘ ਛੱਜਲਵੱਢੀ ਜੋ 2022 ਦੀਆਂ ਚੋਣਾਂ ਵਿੱਚ ਅਕਾਲੀ ਦਲ ਦੇ ਉਮੀਦਵਾਰ ਸਨ, ਵੀ ਪਾਰਟੀ ਦਾ ਹਲਕਾ ਇੰਚਾਰਜ ਲੱਗਣ ਲਈ ਜ਼ੋਰ ਅਜਮਾਇਸ਼ ਅੰਦਰਖਾਤੇ ਕਰ ਰਹੇ ਹਨ। ਦੋ ਧੜਿਆਂ ਵਿੱਚ ਅਕਾਲੀ ਦਲ ਦੀ ਚੱਲ ਰਹੀ ਖਿੱਚ ਧੂਹ ਦਰਮਿਆਨ ਕੱਲ ਇਸ ਹਲਕੇ ਤੋਂ ਲੰਮੇ ਸਮੇਂ ਤੋਂ ਵਿਚਰ ਰਹੇ ਅਮਰੀਕ ਸਿੰਘ ਬਿੱਟਾ ਨੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਮੈਂਬਰ ਪਾਰਲੀਮੈਂਟ ਅੰਮ੍ਰਿਤ ਪਾਲ ਸਿੰਘ ਦੇ ਧੜੇ ਨਾਲ ਖਲਾਉਣ ਦਾ ਫੈਸਲਾ ਕੀਤਾ ਤੇ ਕੱਲ ਉਹਨਾਂ ਨੇ ਬਕਾਇਦਾ ਤੌਰ 'ਤੇ ਅੰਮ੍ਰਿਤਪਾਲ ਦੇ ਪਿਤਾ ਦੀ ਹਾਜਰੀ ਵਿੱਚ ਵਾਰਸ ਪੰਜਾਬ ਦੇ ਜਥੇਬੰਦੀ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ। ਅਕਾਲੀ ਦਲ ਦੇ ਇਸ ਹਲਕੇ ਤੋਂ ਹਾਲਾਤ ਇੱਕ ਅਨਾਰ ਸੌ ਬਿਮਾਰ ਵਾਲੀ ਹੋ ਚੁੱਕੀ ਹੈ। ਅਕਾਲੀ ਦਲ ਨੂੰ 2022 ਵਿੱਚ ਇਥੋਂ 26302 ਵੋਟਾਂ ਪਈਆਂ ਸਨ ਪਰ ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ ਦੇ ਉਮੀਦਵਾਰ ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ ਨੂੰ ਸਿਰਫ 9000 ਤੋਂ ਕੁਝ ਵੱਧ ਵੋਟਾਂ 'ਤੇ ਹੀ ਸਬਰ ਕਰਨਾ ਪਿਆ। ਕੁਝ ਦਿਨ ਪਹਿਲਾਂ ਹੀ ਪਿੰਡ ਧਾੜਲਾ ਦੇ ਸਾਬਕਾ ਸਰਪੰਚ ਅਕਾਲੀ ਦਲ ਦੇ ਗੁਰਦੀਪ ਸਿੰਘ ਆਪਣੇ ਮੈਂਬਰਾਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ ਅਤੇ ਸੂਥਰਾ ਅਨੁਸਾਰ ਟਕਸਾਲੀ ਆਗੂ ਵੀ ਦੂਜੀਆਂ ਬਰਤਾਨੀਆ ਦਾ ਪੱਲਾ ਫੜਨ ਦਾ ਰਾਹੀਆਂ ਹਨ ।ਅਕਾਲੀ ਦਲ ਦੀ ਸਥਿਤੀ ਇਸ ਹਲਕੇ ਤੋਂ ਦਿਨੋ ਦਿਨ ਪਤਲੀ ਹੋ ਰਹੀ। ਪੰਥਕ ਵੋਟ ਬੈਂਕ ਜਿਸ ਨੂੰ ਅਕਾਲੀ ਦਲ ਪੱਕੀ ਵੋਟ ਮੰਨਦਾ ਸੀ ਵੰਡੀ ਜਾਣ ਕਾਰਨ 2027 ਦੀਆਂ ਚੋਣਾਂ ਵਿੱਚ ਅਕਾਲੀ ਦਲ ਵੱਲੋਂ ਕੋਈ ਕਰਿਸ਼ਮਾ ਵਿਖਾਉਣ ਦੀ ਕਲਪਨਾ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੋਵੇਗਾ।

# ਕਾਨਪੁਰ ਧਮਾਕੇ ਦਾ ਕਾਰਨ ਬਾਰੂਦ ਦੀ ਗੈਰ-ਕਾਨੂੰਨੀ ਸਟੋਰੇਜ ਹੈ; ਪਟਾਕਿਆਂ ਦੇ ਡੀਲਰਾਂ ਨੂੰ ਲੱਭਣ ਲਈ ਛਾਪੇਮਾਰੀ ਜਾਰੀ ਹੈ।6 ਮੁਅੱਤਲ

ਸੁਨੀਲ ਬਾਜਪਾਈਕਾਨਪੁਰ। ਮੂਲਗੰਜ ਦੇ ਮਿਸ਼ਰੀ ਬਿਸਾਤੀ ਬਾਜ਼ਾਰ ਵਿੱਚ ਬੁੱਧਵਾਰ ਨੂੰ ਹੋਏ ਧਮਾਕੇ ਦੇ ਪਿੱਛੇ ਦੀ ਸੱਚਾਈ ਸਾਹਮਣੇ ਆ ਗਈ ਹੈ। ਰਿਪੋਰਟਾਂ ਅਨੁਸਾਰ, ਇਸ ਵੱਡੇ ਧਮਾਕੇ ਦਾ ਕਾਰਨ ਪਟਾਕਿਆਂ ਦਾ ਭੰਡਾਰਨ ਸੀ। ਪੁਲਿਸ ਨੇ ਕਿਸੇ ਵੀ ਅੱਤਵਾਦੀ ਸਾਜ਼ਿਸ਼ ਤੋਂ ਵੀ ਇਨਕਾਰ ਕੀਤਾ ਹੈ। ਇਸ ਘਟਨਾ ਵਿੱਚ ਕਥਿਤ ਸ਼ਮੂਲੀਅਤ ਲਈ ਮੂਲਗੰਜ ਪੁਲਿਸ ਸਟੇਸ਼ਨ ਦੇ ਇੰਚਾਰਜ ਵਿਕਰਮ ਸਿੰਘ, ਚੌਕੀ ਇੰਚਾਰਜ ਐਸਆਈ ਰੋਹਿਤ ਤੋਮਰ, ਜ਼ੈਬਰਾ ਮੋਬਾਈਲ ਕਾਂਸਟੇਬਲ ਚੇਤਨ ਕੁਮਾਰ ਅਤੇ ਅਮਿਤ ਕੁਮਾਰ, ਬੀਟ ਕਾਂਸਟੇਬਲ ਬ੍ਰਹਮਾਨੰਦ ਅਤੇ ਹੈੱਡ ਕਾਂਸਟੇਬਲ ਇਮਾਮ ਉਲ ਹੱਕ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਏਸੀਪੀ ਨੂੰ ਵੀ ਹਟਾ ਦਿੱਤਾ ਗਿਆ ਹੈ।ਹੁਣ ਤੱਕ ਕੀਤੀ ਗਈ ਤਲਾਸ਼ੀ ਮੁਹਿੰਮ ਵਿੱਚ, ਪੁਲਿਸ ਨੇ 12 ਦੁਕਾਨਦਾਰਾਂ ਨੂੰ ਹਿਰਾਸਤ ਵਿੱਚ ਲਿਆ ਹੈ। ਪੁਲਿਸ ਉਨ੍ਹਾਂ ਦੁਕਾਨਦਾਰਾਂ ਵਿਰੁੱਧ ਵੀ ਕੇਸ ਦਰਜ ਕਰਨ ਦੀ ਤਿਆਰੀ ਕਰ ਰਹੀ ਹੈ ਜੋ ਗੈਰ-ਕਾਨੂੰਨੀ ਪਟਾਕੇ ਸਟੋਰ ਕਰਦੇ ਪਾਏ ਗਏ ਸਨ।ਬੁੱਧਵਾਰ ਸ਼ਾਮ ਨੂੰ ਮਿਸ਼ਰੀ ਬਾਜ਼ਾਰ ਵਿੱਚ ਮਰਕਜ਼ ਮਸਜਿਦ ਤੋਂ 100 ਮੀਟਰ ਦੀ ਦੂਰੀ 'ਤੇ ਖੜ੍ਹੇ ਇੱਕ ਚੋਰੀ ਹੋਏ ਸਕੂਟਰ ਵਿੱਚ ਧਮਾਕਾ ਹੋ ਗਿਆ। ਇਸ ਵਿੱਚ ਇੱਕ ਔਰਤ ਸਮੇਤ ਬਾਰਾਂ ਲੋਕ ਜ਼ਖਮੀ ਹੋ ਗਏ ਅਤੇ ਅੱਠ ਲੋਕਾਂ ਨੂੰ ਉਰਸੁਲਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਇਸਨੇ ਨੇੜੇ ਖੜ੍ਹੇ ਲਾਲਬੰਗਲਾ ਨਿਵਾਸੀ ਅਸ਼ਵਨੀ ਕੁਮਾਰ ਦੇ ਸਕੂਟਰ ਨੂੰ ਨੁਕਸਾਨ ਪਹੁੰਚਾਇਆ ਅਤੇ ਨੇੜਲੇ ਕਈ ਘਰਾਂ ਦੀਆਂ ਖਿੜਕੀਆਂ ਤੋੜ ਦਿੱਤੀਆਂ।ਇਸ ਘਟਨਾ ਦੀ ਜਾਂਚ ਸ਼ੁਰੂ ਕੀਤੀ ਗਈ ਸੀ, ਜਿਸ ਵਿੱਚ ਹਾਦਸਾ, ਸ਼ਰਾਰਤ ਅਤੇ ਸਾਜ਼ਿਸ਼ ਸ਼ਾਮਲ ਸੀ। ਅੱਤਵਾਦ ਵਿਰੋਧੀ ਦਸਤੇ (ਏਟੀਐਸ) ਸਮੇਤ ਏਜੰਸੀਆਂ ਨੇ ਜਾਂਚ ਕੀਤੀ। ਦੇਰ ਰਾਤ ਤੱਕ ਚੱਲੇ ਇੱਕ ਸਰਚ ਆਪ੍ਰੇਸ਼ਨ ਵਿੱਚ ਕਈ ਦੁਕਾਨਾਂ ਵਿੱਚ ਗੈਰ-ਕਾਨੂੰਨੀ ਪਟਾਕੇ ਰੱਖੇ ਹੋਣ ਦਾ ਖੁਲਾਸਾ ਹੋਇਆ।ਸੰਯੁਕਤਪੁਲਿਸ ਮਿਸ਼ਨਰ (ਕਾਨੂੰਨ ਅਤੇ ਵਿਵਸਥਾ) ਆਸ਼ੂਤੋਸ਼ ਕੁਮਾਰ ਨੇ ਦੱਸਿਆ ਕਿ ਧਮਾਕੇ ਵਾਲੀ ਥਾਂ ਦੇ ਨੇੜੇ ਕਈ ਦੁਕਾਨਾਂ ਵਿੱਚ ਵੱਡੀ ਮਾਤਰਾ ਵਿੱਚ ਤਿਆਰ ਪਟਾਕੇ ਅਤੇ ਬਾਰੂਦ ਸੀ। ਸੀਸੀਟੀਵੀ ਫੁਟੇਜ ਵੀ ਪ੍ਰਾਪਤ ਕੀਤੀ ਗਈ ਹੈ, ਜਿਸ ਵਿੱਚ ਦੁਕਾਨ ਵਿੱਚ ਇੱਕ ਢੇਰ ਵਿੱਚ ਧਮਾਕਾ ਦਿਖਾਇਆ ਗਿਆ ਹੈ। ਇਸ ਨਾਲ ਧਮਾਕੇ ਦਾ ਕਾਰਨ ਸਪੱਸ਼ਟ ਹੋ ਗਿਆ ਹੈ।

# ਆਪ ਪਾਰਟੀ ਦੇ ਜੁਝਾਰੂ ਵਲੰਟੀਅਰਕੁਲਦੀਪ ਲੇਹਲ ਨੂੰ ਮਿਲੀ ਜਿੰਮੇਵਾਰੀ- ਬਟਾਲਾ ਹਲਕੇ ਦੇ ਸ਼ੋਸ਼ਲ ਮੀਡੀਆ ਕੁਆਰਡੀਨੇਟਰ ਨਿਯੁਕਤ

## ਵਿਧਾਇਕ ਸ਼ੈਰੀ ਕਲਸੀ ਵਲੋਂ ਦਿੱਤੇ ਮਾਣ ਸਤਿਕਾਰ ਲਈ ਤਹਿ ਦਿਲੋਂ ਧੰਨਵਾਦ ਕਰਦਾ ਹਾਂ : ਕੁਲਦੀਪ ਲੇਹਲ



ਬਟਾਲਾ, 10 ਅਕਤੂਬਰ (ਬਲਦੇਵ ਸਿੰਘ ਖਾਲਸਾ,, ਸੁਨੀਲ ਬਟਾਲਵੀ) - ਆਮ ਆਦਮੀ ਪਾਰਟੀ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਸ਼ੋਸ਼ਲ ਮੀਡੀਆ ਰਾਹੀਂ ਪਾਰਟੀ ਦੀਆਂ ਗਤੀਵਿਧੀਆਂ ਨੂੰ ਹੋਰ ਵੀ ਸੁਚਾਰੂ ਢੰਗ ਨਾਲ ਸਾਹਮਣੇ ਲਿਆਉਣ ਦੇ ਮਕਸਦ ਨਾਲ ਆਮ ਆਦਮੀ ਪਾਰਟੀ ਪੰਜਾਬ ਦੇ ਵਰਕਿੰਗ ਪ੍ਰਧਾਨ ਅਤੇ ਬਟਾਲਾ ਹਲਕੇ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਯਤਨਾਂ ਸਦਕਾ ਆਮ ਆਦਮੀ ਪਾਰਟੀ ਦੀ ਹਾਈਕਮਾਂਡ ਵਲੋਂ ਆਮ ਆਦਮੀ ਪਾਰਟੀ ਦੇ ਨੌਜਵਾਨ,ਜੁਝਾਰੂ ਅਤੇ ਮਿਹਨਤੀ ਆਗੂ ਕੁਲਦੀਪ ਸਿੰਘ ਲੇਹਲ ਧਾਰੀਵਾਲ ਨੂੰ ਵਿਧਾਨ ਸਭਾ ਹਲਕਾ ਬਟਾਲਾ ਤੋਂ ਆਮ ਆਦਮੀ ਪਾਰਟੀ ਦੇ ਸ਼ੋਸ਼ਲ ਮੀਡੀਆ ਕੁਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਇਸ ਦੌਰਾਨ ਵਿਧਾਇਕ ਸ਼ੈਰੀ ਕਲਸੀ ਨੇ ਸ਼ੋਸਲ ਮੀਡੀਆ ਕੁਆਰਡੀਨੇਟਰ ਕੁਲਦੀਪ ਸਿੰਘ ਲੇਹਲ ਧਾਰੀਵਾਲ ਨੂੰ ਮੁਬਾਰਕਬਾਦ ਦਿੰਦਿਆਂ ਜਿੱਥੇ ਵਿਸ਼ੇਸ ਰੂਪ ’ਚ ਸਨਮਾਨਿਤ ਕੀਤਾ, ਉਥੇ ਹੀ ਕਿਹਾ ਕਿ ਕੁਲਦੀਪ ਸਿੰਘ ਲੇਹਲ ਹੋਰ ਵੀ ਸੰਜੀਦਗੀ ਨਾਲ ਪਾਰਟੀ ਨੂੰ ਸ਼ਕਤੀਸ਼ਾਲੀ ਬਣਾਉਣ ’ਚ ਆਪਣਾ ਯੋਗਦਾਨ ਵੱਧ ਚੜ੍ਹ ਕੇ ਪਾਉਣਗੇ।

ਇਸ ਮੌਕੇ ਬਟਾਲਾ ਹਲਕੇ ਦੇ ਸ਼ੋਸ਼ਲ ਮੀਡੀਆ ਦੇ ਪ੍ਰਧਾਨ ਕੁਲਦੀਪ ਸਿੰਘ ਲੇਹਲ ਧਾਰੀਵਾਲ ਨੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਸਮੇਤ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਜਿੰਮੇਵਾਰੀ ਪਾਰਟੀ ਵਲੋਂ ਉਹਨਾਂ ਨੂੰ ਸੌਂਪੀ ਗਈ ਹੈ ਉਸਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਜਾਵੇਗਾ। ਇੱਥੇ ਜਿਕਰਯੋਗ ਹੈ ਕਿ ਕੁਲਦੀਪ ਸਿੰਘ ਲੇਹਲ ਪਾਰਟੀ ਦੇ ਬਹੁਤ ਹੀ ਵਫਾਦਾਰ ਵਰਕਰ ਹਨ, ਜੋ ਪੂਰੀ ਲਗਨ ਨਾਲ ਪਾਰਟੀ ਦੀ ਲਗਾਤਾਰ ਸੇਵਾ ਕਰਦੇ ਆ ਰਹੇ ਹਨ। ਉਹਨਾਂ ਦੀ ਇਮਾਨਦਾਰੀ ਨੂੰ ਦੇਖਦੇ ਹੋਏ ਪਾਰਟੀ ਵਲੋਂ ਉਹਨਾਂ ਨੂੰ ਇਹ ਜਿੰਮੇਵਾਰੀ ਸੌਂਪੀ ਗਈ ਹੈ।

# ਨਿਊ ਜੈ ਮਾਤਾ ਦਾਤੀ ਕਲੱਬ ਵਲੋਂ 19ਵਾਂ ਵਿਸ਼ਾਲ ਭਗਵਤੀ ਜਾਗਰਣ ਸ਼ਰਧਾਪੂਰਵਕ ਕਰਵਾਇਆ

## ਜਾਗਰਣ 'ਚ ਨਵ-ਵਿਆਹੇ ਜੋੜਿਆਂ ਨੂੰ ਸੰਤ ਮਹਾਂਪੁਰਸ਼ਾਂ ਨੇ ਦਿੱਤਾ ਆਸ਼ੀਰਵਾਦ



ਤਪਾ ਮੰਡੀ, 10 ਅਕਤੂਬਰ (ਧੀਮਾਨ ਨਿਊ ਜੈ ਮਾਤਾ ਦਾਤੀ ਕਲੱਬ ਵਲੋਂ 19ਵਾਂ ਵਿਸ਼ਾਲ ਭਗਵਤੀ ਜਾਗਰਣ ਮਾਤਾ ਦਾਤੀ ਮੰਦਰ ਵਿਖੇ ਕਰਵਾਇਆ ਗਿਆ ਅਤੇ ਪੰਜ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਕੀਤੇ ਗਏ। ਇਸ ਧਾਰਮਿਕ ਸਮਾਗਮ ਮੌਕੇ ਰਿਬਨ ਦੀ ਰਸਮ ਡਾ. ਸੋਨਿਕਾ ਬਾਂਸਲ ਪ੍ਰਧਾਨ ਨਗਰ ਕੌਂਸਲ ਤਪਾ, ਪੂਜਾ ਦੀ ਰਸ਼ਮ ਸ਼੍ਰੀ ਸਤਪਾਲ ਮੌੜ ਸੀਨੀਅਰ ਉਪ ਪ੍ਰਧਾਨ ਐਸ.ਐਨ ਆਰੀਆ ਹਾਈ ਸਕੂਲ ਤਪਾ, ਜਯੋਤੀ ਪ੍ਰਚੰਡ ਦੀ ਰਸਮ ਐਡਵੋਕੇਟ ਸਤਨਾਮ ਸਿੰਘ ਰਾਹੀ ਹਲਕਾ ਇੰਚਾਰਜ ਭਦੌੜ, ਝੰਡੇ ਦੀ ਰਸਮ ਸ਼ੁਭਮ ਬਾਂਸਲ ਲੁਧਿਆਣਾ ਸਿਲਕ ਸਟੋਰ ਤਪਾ ਵੱਲੋਂ ਅਦਾ ਕੀਤੀ ਗਈ। ਇਸ ਧਾਰਮਿਕ ਸਮਾਗਮ ਮੌਕੇ ਪ੍ਰਸਿੱਧ ਭਜਨ ਗਾਇਕ ਲਵਿਸ਼ ਲਵ ਅਤੇ ਰਾਜਵੀਰ ਰਾਜ ਨੇ ਮਾਂ ਭਗਵਤੀ ਦੇ ਭਜਨਾਂ ਦਾ ਗੁਣਗਾਨ ਕਰਕੇ ਸੰਗਤ ਨੂੰ ਨਿਹਾਲ ਕੀਤਾ। ਸਮਾਗਮ ਮੌਕੇ ਸੰਤਾਂ ਮਹਾਂਪੁਰਸ਼ਾਂ ਸੰਤ ਰਾਜਗਿਰੀ ਜੀ ਮਹਾਰਾਜ, ਸੰਤ ਬਾਬਾ ਭਗਵਾਨ ਦਾਸ, ਸੰਤ ਬਾਬਾ ਈਸ਼ਰ ਦਾਸ ਤੋਂ ਇਲਾਵਾ ਰਜਨੀ ਮਹੰਤ ਤਪਾ ਨੇ ਵਿਸ਼ੇਸ਼ ਤੌਰ ਤੇ ਆਪਣੀ ਹਾਜ਼ਰੀ ਲਵਾਈ ਅਤੇ ਸੰਗਤ ਨੂੰ ਆਸ਼ੀਰਵਾਦ ਦਿੱਤਾ।ਸੰਤ ਰਾਜਗਿਰ ਅਤੇ ਹਲਕਾ ਇੰਚਾਰਜ ਐਡਵੋਕੇਟ ਸਤਨਾਮ ਸਿੰਘ ਰਾਹੀ ਨੇ ਵੀ ਆਪਣੇ ਵਿਚਾਰ ਰੱਖੇ।ਕਲੱਬ ਵਲੋਂ ਪੰਜ ਨਵ-ਵਿਆਹੇ ਜੋੜਿਆਂ ਨੂੰ ਘਰੇਲੂ ਸਾਮਾਨ ਜਿਸ ਵਿਚ ਪੇਟੀ, ਡਬਲ ਬੈੱਡ, ਗੱਦੇ, ਪੱਖਾ, ਮਸ਼ੀਨ, ਭਾਂਡੇ, ਕੱਪੜੇ, ਸੋਨੇ ਚਾਂਦੀ ਦੇ ਗਹਿਣਿਆਂ ਤੋਂ ਇਲਾਵਾ ਘਰ ਦਾ ਸਾਮਾਨ ਦਿੱਤਾ ਗਿਆ। ਸਮਾਗਮ ਵਿਚ ਵੱਖ-ਵੱਖ ਕਲੱਬਾਂ ਵਲੋਂ ਜੋੜੇ ਜੁੱਤੀਆਂ ਦੀ ਸੇਵਾ ਕੀਤੀ ਗਈ।ਇਸ ਦੌਰਾਨ ਨਵ ਵਿਆਹੇ ਜੋੜਿਆਂ ਨੂੰ ਡੀ.ਐਸ.ਪੀ ਗੁਰਬਿੰਦਰ ਸਿੰਘ ਤਪਾ, ਥਾਣਾ ਮੁਖੀ ਸ਼ਰੀਫ ਖਾਨ,ਸਿਟੀ ਇੰਚਾਰਜ ਕਰਮਜੀਤ ਸਿੰਘ, ਸਮਾਜ ਸੇਵੀ ਰਘਵੀਰ ਚੰਦ ਅਗਰਵਾਲ, ਮਹਾਂਕਾਵੜ ਸੰਘ ਦੇ ਸੂਬਾ ਪ੍ਰਧਾਨ ਤਰਲੋਚਨ ਬਾਂਸਲ, ਬਾਬਾ ਬੂਟਾ ਸਿੰਘ ਤਾਜੋਕੇ, ਸਾਬਕਾ ਚੇਅਰਮੈਨ ਅਮਰਜੀਤ ਸਿੰਘ ਧਾਲੀਵਾਲ, ਮਹੰਤ ਬੁੱਕਣ ਦਾਸ,ਮਹੰਤ ਸੋਮ ਦਾਸ, ਡਾ. ਗੁਰਦੇਵ ਬਾਂਸਲ, ਮਾਸਟਰ ਵਰਿੰਦਰ ਸਿੰਘ,ਇਕਬਾਲ ਸਿੰਘ, ਜਗਨਨਾਥ ਸ਼ਰਮਾ ਸਾਬਕਾ ਮੈਨੇਜਰ,ਮਦਨ ਲਾਲ ਗਰਗ, ਡਾ. ਨਰੇਸ਼ ਬਾਂਸਲ, ਨੰਬਰਦਾਰ ਬਲਵੰਤ ਸਿੰਘ, ਬਲਵੀਰ ਸਿੰਘ ਖੇੜਾ, ਰਛਪਾਲ ਸਿੰਘ, ਮਦਨ ਲਾਲ ਸਿੰਗਲਾ ਅਤੇ ਡਾ. ਸੁਰੇਸ਼ ਕਾਂਤ ਆਦਿ ਨੇ ਅਸ਼ੀਰਵਾਦ ਦਿੱਤਾ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਸਮਾਗਮ ਮੌਕੇ ਬੀਕਾਨੇਰ ਮਿਸਠਾਣ ਭੰਡਾਰ, ਪੰਕਜ ਲਾਈਟ,ਸੋਨੀ ਸਰੋਏ ਤੇ ਜਨਤਾ ਟੈਂਟ ਹਾਊਸ, ਤਰਸੇਮ ਚੰਦ ਖਿਲੂ,ਕ੍ਰਿਸ਼ਨ ਪੂਜਾ ਜਿਊਲਰਜ਼ ਅਤੇ ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਵੱਲੋਂ ਸੇਵਾ ਕੀਤੀ ਗਈ ਅਤੇ ਮਹਾਂਦੇਵ ਕਾਵੜ ਸੰਘ, ਸ਼੍ਰੀ ਬਾਲਾ ਜੀ ਪ੍ਰਚਾਰ ਮੰਡਲ ਤੇ ਪੰਚਮੁਖੀ ਹਨੂਮਾਨ ਤੇ ਸ਼ਨੀਦੇਵ ਮੰਦਰ ਕਮੇਟੀ ਦਾ ਵਿਸ਼ੇਸ਼ ਸਹਿਯੋਗ ਰਿਹਾ।ਇਨਾਮ ਵੰਡ ਸਮਾਰੋਹ ਦੀ ਰਸਮ ਵਿਜੇ ਕੁਮਾਰ ਸ਼ਰਮਾ ਬੱਲੋਂ ਅਤੇ ਰਿਸ਼ੂ ਰੰਗੀ ਵਾਈਸ ਪ੍ਰਧਾਨ ਨਗਰ ਕੌਂਸਲ ਤਪਾ ਵੱਲੋਂ ਅਦਾ ਕੀਤੀ ਗਈ।ਕਲੱਬ ਦੇ ਪ੍ਰਧਾਨ ਦਵਿੰਦਰ ਟੀਟੂ ਦੀਕਸ਼ਤ, ਡਾ. ਗੁਰਪ੍ਰੀਤ ਸਿੰਘ ਸਿੱਧੂ, ਡਾ. ਜਗਦੇਵ ਸਿੰਘ ਆਦਿ ਨੇ ਮੁੱਖ ਮਹਿਮਾਨਾਂ ਨੂੰ ਜੀ ਆਇਆ ਨੂੰ ਆਖਿਆ।ਇਸ ਮੌਕੇ ਡਾ.ਬਾਲ ਚੰਦ ਬਾਂਸਲ,ਹੈਰੀ ਧੂਰਕੋਟ ਪੀ.ਏ ਟੂ ਹਲਕਾ ਵਿਧਾਇਕ,ਜਸਵਿੰਦਰ ਚੱਠਾ,ਬਲਜੀਤ ਬਾਸੀ,ਕੁਲਵਿੰਦਰ ਚੱਠਾ,ਰਿੰਕਾ ਅਰੋੜਾ,ਰਾਜ ਮਾਰਕੰਡਾ,ਮਨੀਸ਼ ਗਰਗ ਤੋਂ ਇਲਾਵਾ ਬਾਬਾ ਮੋਹਨ ਦਾਸ,ਡਾ: ਜਗਦੇਵ ਸਿੰਘ ਗੋਦੀ,ਡਾ: ਗੁਰਪ੍ਰੀਤ ਸਿੰਘ ਸਿੱਧੂ, ਨੰਬਰਦਾਰ ਜੁਗਰਾਜ ਸਿੰਘ, ਕਮਲ ਵਿਰਕ, ਰਾਜਕੁਮਾਰ ਰਾਜੂ, ਗੁਰਵਿੰਦਰ ਸਰੋਏ, ਭਗਵੰਤ ਚੱਠਾ, ਵਿਸਾਖਾ ਸਿੰਘ, ਕ੍ਰਿਸ਼ਨ ਪੂਜਾ ਜਵੈਲਰਜ਼,ਜੀਵਨ ਔਜਲਾ,ਅਸ਼ਵਨੀ ਬਹਾਵਲਪੁਰੀਆ, ਜੀਵਨ ਔਜਲਾ,ਮਿਸਤਰੀ ਲੱਡੂ ਸਿੰਘ,ਜੱਸੀ ਪੰਧੇਰ, ਪੰਮੀ ਪਰਜਾਪਤ,ਗਗਨ ਸ਼ਰਮਾ,ਬਲਜੀਤ ਪਰਜਾਪਤ,ਰਾਜ ਸਿੰਘ,ਜੱਸੀ ਚੱਠਾ,ਸੰਸਾਰੀ ਸ਼ਰਮਾ,ਮਹਿਮਾ ਚੱਠਾ,ਬਲਜੀਤ ਵਾਸੀ,ਰਾਜ ਸਿੰਘ,ਵਰਿੰਦਰ ਪੰਧੇਰ,ਬਿੱਕਰ ਪਰਜਾਪਤ,ਬਲਵੰਤ ਸਰੋਏ,ਗਿਆਨ ਚੰਦ,ਕ੍ਰਿਸ਼ਨ ਲਾਲ ਗਰਗ, ਭੁਪਿੰਦਰ ਸਿੰਘ,ਜਗਦੇਵ ਸਿੰਘ,ਰਾਜੂ ਬੈਟਰੀਆਂ ਵਾਲਾ,ਰਮਨਦੀਪ ਸਿੰਘ ਰੰਜੂ ਆਦਿ ਪਤਵੰਤੇ ਮੌਜੂਦ ਸਨ।

# ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਕੀਰਤਨ ਸਮਾਗਮ ਆਯੋਜਿਤ

## ਭਾਈ ਜਰਨੈਲ ਸਿੰਘ ਕੋਹਾੜਕਾ ਦੇ ਹਜ਼ੂਰੀ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਕੀਤਾ ਨਿਹਾਲ



ਲੁਧਿਆਣਾ 10 ਅਕਤੂਬਰ (ਕਰਨੈਲ ਸਿੰਘ ਐੱਮ.ਏ.) ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਮਾਡਲ ਟਾਉਨ ਐਕਸਟੈਂਸ਼ਨ ਲੁਧਿਆਣਾ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਬ੍ਰਹਮ-ਗਿਆਨੀ ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਚੱਲ ਰਹੀ ਹਫਤਾਵਾਰੀ ਕੀਰਤਨ ਸਮਾਗਮ ਲੜੀ ਅੰਦਰ ਪੰਥ ਪ੍ਰਸਿੱਧ ਕੀਰਤਨੀਏ ਭਾਈ ਜਰਨੈਲ ਸਿੰਘ ਕੋਹਾੜਕਾ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ । ਕੀਰਤਨ ਸਮਾਗਮ ਅੰਦਰ ਇਕੱਤਰ ਹੋਈਆਂ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਭਾਈ ਜਰਨੈਲ ਸਿੰਘ ਕੋਹਾੜਕਾ ਨੇ ਕਿਹਾ ਕਿ ਸ਼ਬਦ ਗੁਰੂ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਜਿੱਥੇ ਸਾਨੂੰ ਅਧਿਆਤਮਕ ਤੇ ਰੂਹਾਨੀਅਤ ਦਾ ਸਕੂਨ ਪ੍ਰਦਾਨ ਕਰਦੀ ਹੈ, ਉੱਥੇ ਨਾਲ ਹੀ ਅਕਾਲ ਪੁਰਖ ਦੀ ਬੰਦਗੀ ਕਰਨ ਦਾ ਸ਼ੰਦੇਸ਼ ਵੀ ਦੇਂਦੀ ਹੈ। ਉਹਨਾਂ ਨੇ ਕਿਹਾ ਕਿ ਮੌਜੂਦਾ ਸਮੇਂ ਅੰਦਰ ਬਾਬਾ ਬੁੱਢਾ ਜੀ ਵੱਲੋਂ ਬਖ਼ਸ਼ੇ ਸੇਵਾ ਤੇ ਸਿਮਰਨ ਦੇ ਸੰਕਲਪ ਨੂੰ ਸੰਭਾਲਣ ਦੀ ਮੁੱਖ ਜ਼ਰੂਰਤ ਹੈ ਤਾਂ ਹੀ ਹਰ ਬੱਚਾ ਆਪਣੇ ਅੰਦਰ ਗੁਰਸਿੱਖੀ ਵਾਲਾ ਜ਼ਜਬਾ ਪੈਦਾ ਕਰਕੇ ਗੁਰੂ ਵਾਲਾ ਬਣ ਸਕਦਾ ਹੈ । ਇਸ ਦੌਰਾਨ ਉਨ੍ਹਾਂ ਨੇ ਸੰਗਤਾਂ ਨੂੰ ਧਰਮ ਦੇ ਮਾਰਗ ਤੇ ਚੱਲਣ ਦੀ ਪ੍ਰੇਰਣਾ ਦਿੱਤੀ । ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਕੀਰਤਨ ਸਮਾਗਮ ਅੰਦਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਬਰ, ਮਹਿੰਦਰ ਸਿੰਘ ਡੰਗ, ਅੱਤਰ ਸਿੰਘ ਮੱਕੜ, ਰਜਿੰਦਰ ਸਿੰਘ ਡੰਗ, ਬਲਬੀਰ ਸਿੰਘ ਭਾਟੀਆ, ਹਰਪਾਲ ਸਿੰਘ ਖਾਲਸਾ, ਹਰਮੀਤ ਸਿੰਘ ਡੰਗ, ਸੁਖਵਿੰਦਰ ਸਿੰਘ ਹੈਪੀ ਕੋਚਰ, ਹਰਵਿੰਦਰ ਸਿੰਘ ਕੋਹਲੀ, ਗੁਰਦੀਪ ਸਿੰਘ ਡੀਮਾਰਟੇ, ਨਰਿੰਦਰਪਾਲ ਸਿੰਘ ਕਥੂਰੀਆ, ਭੁਪਿੰਦਰ ਸਿੰਘ ਜੁਨੇਜਾ, ਬਲਦੇਵ ਸਿੰਘ, ਪ੍ਰੇਮ ਸਿੰਘ ,ਅਵਤਾਰ ਸਿੰਘ ਬੀ.ਕੇ, ,ਅਵਤਾਰ ਸਿੰਘ ਮਿੱਡਾ, ਮਨਮੋਹਨ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।

## ਆਲ ਇੰਡੀਆਂ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਦੀ ਬ੍ਰਾਂਚ ਮਾਨਾਂਵਾਲਾ ਕੰਪਲੈਕਸ 'ਚ "ਵਿਸ਼ਵ ਮਾਨਸਿਕ ਸਿਹਤ ਦਿਵਸ" ਮਨਾਇਆ ਗਿਆ

Desi Punjab YouTube www.desipunjab.in




ਰਣਜੀਤ ਸਿੰਘ ਮਸੌਣ ਜੋਗਾ ਸਿੰਘ ਰਾਜਪੂਤ ਅੰਮ੍ਰਿਤਸਰ ਅੱਜ ਮਿਤੀ 10 ਅਕਤੂਬਰ 2025 ਦਿਨ ਸ਼ੁੱਕਰਵਾਰ ਨੂੰ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ(ਰਜਿ.), ਅੰਮ੍ਰਿਤਸਰ ਦੀ ਬ੍ਰਾਂਚ ਮਾਨਾਂਵਾਲਾ ਕੰਪਲੈਕਸ ਵਿੱਚ "ਵਿਸ਼ਵ ਮਾਨਸਿਕ ਸਿਹਤ ਦਿਵਸ" ਮਨਾਇਆ ਗਿਆ।

ਇਸ ਦੌਰਾਨ ਪ੍ਰੋਗਰਾਮ ਦੀ ਸ਼ੁਰੂਆਤ ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਦੇ ਬੱਚਿਆਂ ਵੱਲੋਂ ਸ੍ਰੀਮਤੀ ਰੇਨੂੰ ਸੂਰੀ (ਗੈਸਟ ਆਫ਼ ਆਨਰ), ਡਾ. ਇੰਦਰਜੀਤ ਕੌਰ ਅਤੇ ਡਾ. ਸਨੇਹ ਕੁਮਾਰ ਨੂੰ ਫੁੱਲਾਂ ਦੇ ਗੁਲਦਸਤੇ ਭੇਂਟ ਕੀਤੇ ਅਤੇ ਵੈਲਕਮ ਗਾਣੇ ਨਾਲ ਸਵਾਗਤ ਕੀਤਾ ਗਿਆ।

ਇਸ ਮੌਕੇ ਤੇ ਡਾ.ਸਨੇਹ ਕੁਮਾਰ (ਮਾਨਸਿਕ ਰੋਗ ਸਪੈਸ਼ਲਿਸਟ) ਨੇ ਦੱਸਿਆ ਕਿ ਮਾਨਸਿਕ ਸਿਹਤ ਸਾਡੀ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਹੈ ਕਿਉਂਕਿ ਇਹ ਸਾਡੇ ਸੋਚਣ, ਮਹਿਸੂਸ ਕਰਨ ਅਤੇ ਫ਼ੈਸਲੇ ਲੈਣ ਦੀ ਸਮਰਥਾ ਤੇ ਸਿੱਧਾ ਅਸਰ ਪਾਉਂਦੀ ਹੈ। ਜੇ ਅਸੀਂ ਮਾਨਸਿਕ ਤੌਰ ਤੇ ਸਿਹਤਮੰਦ ਨਹੀਂ ਹਾਂ, ਤਾਂ ਸਾਡੀ ਰੋਜ਼ਾਨਾ ਜ਼ਿੰਦਗੀ, ਰਿਸ਼ਤੇ ਅਤੇ ਕੰਮ ਪ੍ਰਭਾਵਿਤ ਹੋ ਸਕਦੇ ਹਨ। ਇਸ ਲਈ ਜਾਗਰੂਕਤਾ ਬਹੁਤ ਜ਼ਰੂਰੀ ਹੈ ਤਾਂ ਜੋ ਲੋਕ ਸਮੱਸਿਆਵਾਂ ਨੂੰ ਸਮਝ ਕੇ ਸਮੇਂ ਤੇ ਮੱਦਦ ਲੈ ਸਕਣ ਅਤੇ ਸਿਹਤਮੰਦ ਜੀਵਨ ਜੀ ਸਕਣ।

ਇਸ ਤੋਂ ਬਾਅਦ ਸ਼੍ਰੀ ਗੁਲਸ਼ਨ ਰੰਜਨ ਜੋ ਕਿ ਪਿੰਗਲਵਾੜਾ ਸੋਸਾਇਟੀ ਵਿੱਚ ਮੈਡੀਕਲ ਸੋਸ਼ਲ ਵਰਕਰ ਦੀ ਸੇਵਾ ਨਿਭਾ ਰਹੇ ਹਨ ਉਹਨਾਂ ਵੱਲੋਂ ਪਿੰਗਲਵਾੜਾ ਵਿੱਚ ਰਹਿ ਰਹੇ ਮਰੀਜ਼ਾਂ ਬਾਰੇ ਇੱਕ ਪ੍ਰੈਜ਼ਨਟੇਸ਼ਨ ਰਾਹੀਂ ਦੱਸਿਆ ਗਿਆ ਕਿ ਮਰੀਜ਼ ਕਿਸ ਹਾਲਤ ਵਿੱਚ ਪਿੰਗਲਵਾੜਾ ਸੰਸਥਾ ਵਿੱਚ ਦਾਖ਼ਲ ਹੁੰਦੇ ਹਨ ਅਤੇ ਇਲਾਜ਼ ਤੋਂ ਬਾਅਦ ਉਹਨਾਂ ਨੂੰ ਉਹਨਾਂ ਦੇ ਪਰਿਵਾਰ ਨਾਲ ਮਿਲਾਇਆ ਜਾਂਦਾ ਹੈ।

ਇਸ ਦੌਰਾਨ ਡਾ. ਜਗਦੀਪਕ ਸਿੰਘ, ਮੀਤ-ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ(ਰਜਿ.), ਅੰਮ੍ਰਿਤਸਰ ਨੇ ਖਰਾਟੇ ਲੈਣ ਵਾਲਿਆਂ ਦੀਆਂ ਪਤਨੀਆਂ ਦੀ ਮਾਨਸਿਕ ਸਿਹਤ ਬਾਰੇ ਵਿਚਾਰਾਂ ਕੀਤੀਆਂ। ਉਹਨਾਂ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਖਰਾਟੇ ਲੈਣ ਵਾਲਿਆਂ ਦੀਆਂ ਪਤਨੀਆਂ ਦੀ ਮਾਨਸਿਕ ਸਿਹਤ ਅਕਸਰ ਪ੍ਰਭਾਵਿਤ ਹੋ ਜਾਂਦੀ ਹੈ ਕਿਉਂਕਿ ਰਾਤ ਨੂੰ ਨੀਂਦ ਪੂਰੀ ਨਾ ਹੋਣ ਕਾਰਨ ਉਹਨਾਂ ਨੂੰ ਥਕਾਵਟ, ਚਿੜਚਿੜਾਪਣ ਅਤੇ ਤਣਾਅ ਹੋ ਸਕਦਾ ਹੈ। ਲੰਮੇ ਸਮੇਂ ਤੱਕ ਇਹ ਹਾਲਤ ਡਿਪ੍ਰੈਸ਼ਨ ਜਾਂ ਚਿੰਤਾ ਜਿਹੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀਆਂ ਹੈ। ਪ੍ਰਭਜੋਤ ਕੌਰ, ਅਧਿਆਪਕ ਭਗਤ ਪੂਰਨ ਸਿੰਘ ਇੰਸਟੀਚਿਊਟ ਵੱਲੋਂ ਮਾਨਸਿਕ ਸਿਹਤ ਦੇ ਕਿਸਮਾਂ ਅਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਅਮਰਜੋਤ ਕੌਰ, ਅਧਿਆਪਕ ਭਗਤ ਪੂਰਨ ਸਿੰਘ ਇੰਸਟੀਚਿਊਟ ਨੇ ਮਾਨਸਿਕ ਸਿਹਤ ਵਿੱਚ ਆਧਿਆਤਮਿਕਤਾ ਦੀ ਭੂਮਿਕਾ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਵਿੱਚ ਰੋਏਲ ਇੰਸਟੀਚਿਊਟ ਆਫ਼ ਨਰਸਿੰਗ ਅਤੇ ਖਾਲਸਾ ਕਾਲਜ ਆਫ਼ ਨਰਸਿੰਗ ਦੇ ਬੀ.ਐੱਸ.ਸੀ ਨਰਸਿੰਗ/ਜੀ.ਐੱਨ.ਐੱਮ ਦੇ ਵਿਦਿਆਰਥੀਆਂ ਵੱਲੋਂ ਹਿੱਸਾ ਲਿਆ ਗਿਆ।

ਇਸ ਮੌਕੇ ਪਿੰਗਲਵਾੜਾ ਮਾਨਾਂਵਾਲਾ ਬ੍ਰਾਂਚ ਵਿੱਚ ਰਹਿ ਰਹੇ ਵੱਖ-ਵੱਖ ਵਾਰਡਾਂ ਤੇ ਮਰੀਜ਼ਾਂ ਅਤੇ ਸਪੈਸ਼ਲ ਸਕੂਲ ਦੇ ਬੱਚਿਆਂ ਵੱਲੋਂ ਡਰਾਇੰਗ ਮੁਕਾਬਲੇ ਵਿੱਚ ਭਾਗ ਲਿਆ ਗਿਆ। ਡਾ. ਇੰਦਰਜੀਤ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਯੋਗੇਸ਼ ਸੂਰੀ, ਰਜਿੰਦਰਪਾਲ ਸਿੰਘ, ਪਰਮਿੰਦਰਜੀਤ ਸਿੰਘ ਭੱਟੀ, ਬੀਬੀ ਸੁਰਿੰਦਰ ਕੌਰ ਭੱਟੀ, ਡਾ. ਇੰਦਰਜੀਤ ਕੌਰ ਰੇਨੂੰ, ਸ਼੍ਰੀ ਪਵਨ ਸ਼ਰਮਾ ਅਤੇ ਵੱਖ-ਵੱਖ ਵਾਰਡਾਂ ਦੇ ਇੰਚਾਰਜ਼ ਸ਼ਾਮਲ ਸਨ।

## ਮਾਮਲਾ ਚੈੱਕ ਬਾਊਂਸ ਦਾ ਅਦਾਲਤੀ ਨੋਟਿਸ ਦੇ ਬਾਵਜੂਦ ਵੀ ਦੋਸ਼ੀ ਪੁਲਿਸ ਦੀ ਗ੍ਰਿਫਤ ਤੋਂ ਬਾਹਰ

Desi Punjab YouTube www.desipunjab.in



ਬਲਾਚੌਰ , 10 ਅਕਤੂਬਰ (ਜਤਿੰਦਰ ਪਾਲ ਸਿੰਘ ਕਲੇਰ ) ਉਧਾਰ ਲਏ ਪੈਸੇ ਵਾਪਸ ਮੋੜਨ ਲਈ ਦਿੱਤੇ ਗਏ ਚੈੱਕ ਬਾਊਂਸ ਹੋਣ ਦੇ ਮਾਮਲੇ ਵਿੱਚ ਮਾਨਯੋਗ ਸਬ ਡਿਵੀਜ਼ਨਲ ਜੁਡੀਸ਼ਅਲ ਮੈਜਿਸਟਰੇਟ ਬਲਾਚੌਰ ਵੱਲੋਂ ਜਾਰੀ ਕੀਤੇ ਗਏ ਗ੍ਰਿਫਤਾਰੀ ਵਾਰੰਟ ਦੇ ਬਾਵਜੂਦ ਵੀ ਸਥਾਨਕ ਪੁਲਿਸ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਕਰਨ ਵਿੱਚ ਢਿੱਲ ਮੱਠ ਕੀਤੇ ਜਾਣ ਦਾ ਮਾਮਲਾ ਪ੍ਰਕਾਸ਼ ਵਿੱਚ ਆਇਆ ਹੈ।

ਪੀੜਿਤ ਪਾਖਰ ਸਿੰਘ ਉਮਰ ਕਰੀਬ 75 ਸਾਲ ਪੁੱਤਰ ਹਰੀ ਸਿੰਘ ਵਾਸੀ ਪਿੰਡ ਹਿਆਤਪੁਰ ਰੁੜਕੀ ਥਾਣਾ ਬਲਾਚੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਲਾਚੌਰ ਦਾ ਰਹਿਣ ਵਾਲਾ ਇੱਕ ਪਟਵਾਰੀ ਜਿਸ ਨਾਲ ਵਾਕਫੀਅਤ ਹੋਣ ਕਰਕੇ ਉਸ ਨਾਲ ਕਾਫੀ ਪਿਆਰ ਸੀ, ਕਰੀਬ ਤਿੰਨ ਸਾਲ ਉਸ ਪਟਵਾਰੀ ਨੇ ਉਹਨਾਂ ਕੋਲੋਂ 4 ਲੱਖ ਰੁਪਏ ਉਧਾਰ ਮੰਗੇ ਜੋ ਉਹਨਾਂ ਨੇ ਉਸ ਨੂੰ ਦੇ ਦਿੱਤੇ ਅਤੇ ਪੈਸੇ ਵਾਪਸ ਮੋੜਨ ਲਈ ਪਟਵਾਰੀ ਨੇ ਉਨਾਂ ਨੂੰ ਚੈੱਕ ਦੇ ਦਿੱਤੇ ਪ੍ਰੰਤੂ ਜਦੋਂ ਕਾਫੀ ਸਮੇਂ ਬਾਅਦ ਉਨਾਂ ਨੇ ਪੈਸੇ ਵਾਪਸ ਲੈਣ ਲਈ ਦਿੱਤੇ ਗਏ ਚੈੱਕ ਲਗਾਏ ਤਾਂ ਚੈੱਕ ਬਾਊਂਸ ਹੋ ਗਏ। ਉਹਨਾਂ ਦੱਸਿਆ ਕਿ ਚੈੱਕ ਬਾਊਂਸ ਸਬੰਧੀ ਜਦੋਂ ਉਹਨਾਂ ਨੇ ਪਟਵਾਰੀ ਨਾਲ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਮੈਂ ਤੁਹਾਨੂੰ ਕੈਸ਼ ਦੇ ਦੇਵਾਂਗਾ ਲੇਕਿਨ ਅੱਜ ਕੱਲ ਪੈਸੇ ਦੇਣ ਦੇ ਲਾਰਿਆਂ ਕਾਰਨ ਜਦੋਂ ਕਾਫੀ ਸਮਾਂ ਬੀਤ ਗਿਆ ਤਾਂ ਉਹਨਾਂ ਨੂੰ ਮਜਬੂਰੀ ਵਿੱਚ ਮਾਨਯੋਗ ਸਬ ਡਿਵੀਜ਼ਨਲ ਜੁਡੀਸ਼ਅਲ ਮੈਜਿਸਟਰੇਟ ਦੀ ਅਦਾਲਤ ਬਲਾਚੌਰ ਵਿਖੇ ਕੇਸ ਲਾਉਣਾ ਪਿਆ। ਇੱਥੇ ਹੀ ਵੱਸ ਨਹੀਂ ਮਾਨਯੋਗ ਅਦਾਲਤ ਵੱਲੋਂ ਕੱਢੇ ਗਏ ਵੱਖ ਵੱਖ ਨੋਟਿਸਾਂ ਦੇ ਬਾਵਜੂਦ ਵੀ ਦੋਸ਼ੀ ਹਾਜ਼ਰ ਨਾ ਹੋਇਆ ਜਿਸ ਤੋਂ ਬਾਅਦ ਅਦਾਲਤ ਵੱਲੋਂ ਦੋਸ਼ੀ ਖਿਲਾਫ ਗ੍ਰਿਫਤਾਰੀ ਵਰੰਟ ਜਾਰੀ ਕੀਤੇ ਗਏ ਲੇਕਿਨ ਹੈਰਾਨੀ ਦੀ ਗੱਲ ਹੈ ਕਿ ਮਾਨਯੋਗ ਅਦਾਲਤ ਦੇ ਹੁਕਮਾਂ ਨੂੰ ਅਣਗੋਲਿਆਂ ਕਰਦਿਆਂ ਬਲਾਚੌਰ ਪੁਲਿਸ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਨਹੀਂਬਲਾਚੌਰ ਪੁਲਿਸ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਨਹੀਂ। ਪਾਖਰ ਸਿੰਘ ਨੇ ਦੱਸਿਆ ਕਿ ਜਦੋਂ ਉਹਨਾਂ ਪੁਲਿਸ ਨਾਲ ਗੱਲ ਕੀਤੀ ਤਾਂ ਉਹਨਾਂ ਇੱਕ ਦਿਨ ਕਿਹਾ ਕਿ ਤੁਸੀਂ ਉਸ (ਪਟਵਾਰੀ) ਨੂੰ ਦੇਖ ਕੇ ਆਓ ਜੇ ਘਰ ਹੈ ਤਾਂ ਫੜ ਲਿਆਉਂਦੇ ਹਾਂ ਪਰ ਜਦੋਂ ਉਹਨਾਂ ਨੇ ਪੁਲਿਸ ਨੂੰ ਜਾ ਕੇ ਦੱਸਿਆ ਕਿ ਪਟਵਾਰੀ ਕੋਠੇ ਉੱਤੇ ਪਿਆ ਹੈ ਤਾਂ ਪੁਲਿਸ ਨੇ ਕਿਹਾ ਕਿ ਅਸੀਂ ਲੈ ਆਉਂਦੇ ਹਾਂ ਪ੍ਰੰਤੂ ਫਿਰ ਵੀ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਉਹਨਾਂ ਦੱਸਿਆ ਕਿ ਬਲਾਚੌਰ ਪੁਲਿਸ ਵੱਲੋਂ ਦੋਸ਼ੀ ਨੂੰ ਫੜਨ ਵਿੱਚ ਜਾਣਬੁੱਝ ਕੇ ਢਿੱਲਮੱਠ ਵਰਤੀ ਜਾ ਰਹੀ ਹੈ ਜਿਸ ਤੋਂ ਉਹ ਕਾਫੀ ਨਿਰਾਸ਼ ਹਨ।

ਪੀੜਿਤ ਪਾਖਰ ਸਿੰਘ ਨੇ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਗੁਹਾਰ ਲਗਾਈ ਹੈ ਕਿ ਮਾਨਯੋਗ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਦੋਸ਼ੀ ਨੂੰ ਗ੍ਰਿਫਤਾਰ ਕਰਨ ਲਈ ਸਬੰਧਤ ਮੁਲਾਜ਼ਮਾਂ ਨੂੰ ਹਦਾਇਤ ਕੀਤੀ ਜਾਵੇ ਅਤੇ ਉਨਾਂ ਨੂੰ ਇਨਸਾਫ ਦਵਾਇਆ ਜਾਵੇ।

## ਪਾਵਰਕਾਮ ਦੇ ਪੈਨਸ਼ਨਰਾਂ ਵੱਲੋਂ ਨਵੰਬਰ ਮਹੀਨੇ ਦੌਰਾਨ ਸੂਬਾ ਪੱਧਰੀ ਧਰਨੇ ਵਿੱਚ ਮੰਡਲ ਸਮਰਾਲਾ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ

### ਹੜ੍ਹ ਪੀੜਤਾਂ ਦੀ ਸਹਾਇਤਾ ਫੰਡ ਜਮ੍ਹਾਂ ਕਰਵਾਉਣ ਤੋਂ ਰਹਿੰਦੇ ਮੈਂਬਰਜ਼ 15 ਅਕਤੂਬਰ ਤੱਕ ਜਮ੍ਹਾ ਕਰਵਾਉਣ - ਸਕਿੰਦਰ ਸਿੰਘ ਪ੍ਰਧਾਨ

Desi Punjab YouTube www.desipunjab.in



ਸਮਰਾਲਾ 10 ਅਕਤੂਬਰ ( ਜਸ਼ਨ ਬੰਬ )ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਸਮਰਾਲਾ ਦੀ ਮਹੀਨਾਵਾਰ ਮੀਟਿੰਗ ਸਕਿੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਮੇਨ ਚੌਂਕ ਗੁਰਦੁਆਰਾ ਸਾਹਿਬ ਵਿਖੇ ਹੋਈ। ਜਿਸ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਅਤੇ ਮਸਲਿਆਂ ਤੇ ਆਉਣ ਵਾਲੇ ਸਮੇਂ ਵਿੱਚ ਸੰਘਰਸ਼ਾਂ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਗਿਆ। ਮੀਟਿੰਗ ਦੇ ਅਰੰਭ ਵਿੱਚ ਸੁਨੀਲ ਜੋ ਮੰਡਲ ਦਫਤਰ ਵਿਖੇ ਸਹਾਇਕ ਦੀ ਸੀਟ ਉੱਪਰ ਕੰਮ ਕਰਦਾ ਸੀ, ਲਾਈਨਮੈਨ ਗੁਰਮੁੱਖ ਸਿੰਘ ਦੁੱਲਵਾਂ, ਗੁਰਮੀਤ ਸਿੰਘ ਜੇ. ਈ. ਸਬ ਸਟੇਸ਼ਨ ਦੀ ਪਤਨੀ, ਗਿਆਨ ਸਿੰਘ ਲਾਈਨਮੈਨ ਦੇ ਨੌਜਵਾਨ ਸਪੁੱਤਰ ਅਮ੍ਰਿਤਪਾਲ ਸਿੰਘ ਗੁਰੋਂ , ਭਰਪੂਰ ਸਿੰਘ ਮਾਂਗਟ ਸਕੱਤਰ ਦੇ ਨੇੜਲੇ ਰਿਸ਼ਤੇਦਾਰ ਮਨਜੀਤ ਸਿੰਘ ਘੁਡਾਣੀ ਦੀ ਬੇਵਕਤੀ ਮੌਤ ਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਮੀਟਿੰਗ ਦੌਰਾਨ 30 ਸਤੰਬਰ ਦੇ ਰੋਪੜ ਧਰਨੇ ਦੀ ਪੜਚੌਲ ਵੀ ਕੀਤੀ ਗਈ। ਇਸ ਉਪਰੰਤ ਸਕਿੰਦਰ ਸਿੰਘ ਪ੍ਰਧਾਨ ਨੇ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਵਿੱਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਕਾਫੀ ਫੰਡ ਇਕੱਤਰ ਵੀ ਹੋ ਗਿਆ ਹੈ, ਪ੍ਰੰਤੂ ਜੋ ਮੈਂਬਰ ਸਾਹਿਬਾਨ ਫੰਡ ਵਿੱਚ ਹਿੱਸਾ ਪਾਉਣ ਤੋਂ ਰਹਿੰਦੇ ਹਨ, ਉਹ ਵੀ 15 ਅਕਤੂਬਰ ਤੱਕ ਸਾਡੇ ਨੁਮਾਇੰਦਿਆਂ ਤੱਕ ਪੁੱਜਦਾ ਕਰ ਦੇਣ ਤਾਂ ਜੋ ਸਰਕਲ ਦੀ ਮੀਟਿੰਗ ਜੋ 16 ਅਕਤੂਬਰ ਦੀ ਹੈ, ਨੂੰ ਜਮ੍ਹਾਂ ਕਰਵਾਇਆ ਜਾ ਸਕੇ। ਉਨ੍ਹਾਂ ਅੱਗੇ ਇਹ ਵੀ ਦੱਸਿਆ ਕਿ ਪਿਛਲੇ ਦਿਨੀਂ ਪੰਜਾਬ ਜੁਆਇੰਟ ਫਰੰਟ ਦੀ ਮੀਟਿੰਗ ਮਾਨਯੋਗ ਵਿੱਤ ਮੰਤਰੀ ਪੰਜਾਬ ਨਾਲ ਹੋਈ, ਜਿਸ ਵਿੱਚ ਪੈਨਸ਼ਨਰਜ਼ ਐਸੋ: ਪੀ. ਐਸ. ਪੀ. ਸੀ. ਐਲ. ਦੇ ਨੁਮਾਇੰਦੇ ਧੰਨਵੰਤ ਸਿੰਘ ਭੱਠਲ ਬਤੌਰ ਕਨਵੀਨਰ ਸ਼ਾਮਲ ਹੋਏ, ਜਿਸ ਬਾਰੇ ਉਨ੍ਹਾਂ ਦੱਸਿਆ ਕਿ ਵਿੱਤ ਮੰਤਰੀ ਨੇ ਪੂਰਨ ਭਰੋਸਾ ਦਿੰਦੇ ਹੋਏ ਕਿਹਾ ਕਿ 2.59 ਦਾ ਫਾਰਮੂਲਾ ਅਤੇ ਡੀ. ਏ. ਦੀਆਂ ਬਕਾਇਆ ਰਹਿੰਦੀਆਂ 16 ਪ੍ਰਤੀਸ਼ਤ ਦੀਆਂ ਕਿਸਤਾਂ, ਬਕਾਏ ਅਤੇ ਹੋਰ ਮੰਗਾਂ ਤੇ ਜਲਦੀ ਵਿਚਾਰ ਕਰਕੇ ਲਾਗੂ ਕੀਤਾ ਜਾਵੇਗਾ। ਇਸ ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਇੰਜ: ਪ੍ਰੇਮ ਸਿੰਘ ਸਾਬਕਾ ਐਸ. ਡੀ. ਓ., ਰਜਿੰਦਰ ਪਾਲ ਵਡੇਰਾ ਰਿਟਾ: ਡਿਪਟੀ ਸੀ. ਏ. ਓ., ਜਗਤਾਰ ਸਿੰਘ ਪ੍ਰੈਸ ਸਕੱਤਰ, ਦਰਸ਼ਨ ਸਿੰਘ ਵਿੱਤ ਸਕੱਤਰ, ਦਰਸ਼ਨ ਸਿੰਘ ਕੋਟਾਲਾ, ਮਹੇਸ਼ ਕੁਮਾਰ ਖਮਾਣੋਂ, ਹਰਪਾਲ ਸਿੰਘ ਸਿਹਾਲਾ, ਅਮਰਜੀਤ ਸਿੰਘ ਮਾਛੀਵਾੜਾ, ਪ੍ਰੇਮ ਚੰਦ ਭਲਾ ਲੋਕ, ਜਸਵੰਤ ਸਿੰਘ ਢੰਡਾ, ਅਮਰੀਕ ਸਿੰਘ ਖਮਾਣੋਂ, ਰਾਕੇਸ਼ ਕੁਮਾਰ ਮਾਛੀਵਾੜਾ ਆਦਿ ਨੇ ਸੰਬੋਧਨ ਕੀਤਾ। ਮੀਟਿੰਗ ਦੀ ਕਾਰਵਾਈ ਇੰਜ: ਜੁਗਲ ਕਿਸ਼ੋਰ ਸਾਹਨੀ ਵੱਲੋਂ ਬਾਖੂਬੀ ਨਿਭਾਈ ਗਈ ਅਤੇ ਸਟੇਟ ਕਮੇਟੀ ਵੱਲੋਂ ਉਲੀਕੇ ਸੰਘਰਸ਼ਾਂ ਸਬੰਧੀ ਨਾਲ ਨਾਲ ਚਾਨਣਾ ਵੀ ਪਾਉਂਦੇ ਰਹੇ। ਅਖੀਰ ਵਿੱਚ ਸਿਕੰਦਰ ਸਿੰਘ ਮੰਡਲ ਪ੍ਰਧਾਨ ਨੇ ਮੀਟਿੰਗ ਵਿੱਚ ਆਏ ਪੈਨਸ਼ਨਰਜ਼ ਸਾਥੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਪੈਨਸ਼ਨਰਾਂ ਦੀਆਂ ਮੰਗਾਂ ਦਾ ਜਲਦੀ ਨਿਪਟਾਰਾ ਕਰੇ। ਪਿਛਲੇ ਸਮੇਂ ਦੌਰਾਨ ਕੀਤੇ ਸੰਘਰਸ਼ਾਂ ਦੀ ਪੜਚੋਲ ਵੀ ਕੀਤੀ ਗਈ। ਉਨ੍ਹਾਂ ਨਵੰਬਰ ਮਹੀਨੇ ਦੌਰਾਨ ਸੂਬਾ ਕਮੇਟੀ ਵੱਲੋਂ ਜੋ ਸੰਘਰਸ਼ਾਂ ਦਾ ਸੱਦਾ ਆਵੇਗਾ, ਉਸ ਵਿੱਚ ਸਮਰਾਲਾ ਮੰਡਲ ਵੱਲੋਂ ਭਰਵਾਂ ਸਹਿਯੋਗ ਦਿੱਤਾ ਜਾਵੇਗਾ।

## ਗੁਰਦਵਾਰਾ ਨੋਵੀਂ ਪਾਤਸਾਹੀ ਬਾਬਾ ਬਕਾਲਾ ਸਹਿਬਪ੍ਰਚਾਰਕ ਭਾਈ ਹਰਿਪ੍ਰੀਤ ਸਿੰਘ ਅਤੇ ਜੱਜ ਸਿੰਘ ਸਨਮਾਨਤ ਕੀਤਾ

Desi Punjab YouTube www.desipunjab.in



ਰਈਆ /10/ਅਕਤੂਬਰ /ਬਲਵਿੰਦਰ ਸਿੰਘ ਸੰਧੂ

ਗੁਰਦਵਾਰਾ ਗੁਰੂ ਨਾਨਕ ਦਰਬਾਰ ਰਈਆ ਮੁਹੱਲਾ ਬਾਬਾ ਜੀਵਨ ਵਿਖੇ , ਗੁਰਦਵਾਰਾ ਨੌਵੀਂ ਪਾਤਸਾਹੀ ਸ੍ਰੀ ਬਾਬਾ ਬਕਾਲਾ ਸਹਿਬ ਤੋਂ ਪ੍ਰਚਾਰਕ ਭਾਈ ਹਰਿਪ੍ਰੀਤ ਸਿੰਘ ਅਤੇ ਭਾਈ ਜੱਜ ਸਿੰਘ ਜੀ ਵਲੋਂ ਗੁਰੂ ਗ੍ਰੰਥ ਸਹਿਬ ਜੀ ਦੇ ਪਵਿੱਤਰ ਸਰੂਪ ਅਤੇ ਬਾਕੀ ਪ੍ਰਬੰਧਾਂ ਦੀ ਬਾਰੀਕੀ ਨਾਲ ਜਾਂਚ ਪੜਤਾਲ ਕੀਤੀ ਗਈ, ਸੱਭ ਕੁੱਝ ਠੀਕ ਪਾਇਆ ਗਿਆ,

ਇਸ ਮੌਕੇ ਹਾਜਰ ਗੁਰੂ ਘਰ ਦੇ ਮੁੱਖ ਗ੍ਰੰਥੀ ਬਾਬਾ ਦਿਲਬਾਗ ਸਿੰਘ ਧਾਮੀਂ,ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੈਟਰੀ ਸ੍ਰ ਤਰਸੇਮ ਸਿੰਘ ਮੱਟੂ, ਸਾਬਕਾ ਪ੍ਰਧਾਨ ਸ੍ਰ ਜੱਸਾ ਸਿੰਘ, ਮੀਤ ਪ੍ਰਧਾਨ ਸ੍ਰ ਸਲਵਿੰਦਰ ਸਿੰਘ ਗਿਲ, ਕੈਸੀਅਰ ਸ੍ਰ ਸਤਪਾਲ ਸਿੰਘ ਖੈੜਾ, ਮੈਬਰ ਸ੍ਰ ਤਰਸੇਮ ਸਿੰਘ ਭਾਈ, ਨੇ ਸਮੁੱਚੀ ਮੈਨਜਮੈਟ ਕਮੇਟੀ ਅਤੇ ਸੰਗਤਾਂ ਵਲੋ ਹਾਰਦਿਕ ਸਵਾਗਤ ਕੀਤਾ ਗਿਆ

## ਸਹਾਇਕ ਫ਼ੂਡ ਕਮਿਸ਼ਨਰ ਰਜਿੰਦਰਪਾਲ ਸਿੰਘ ਵੱਲੋਂ ਮਠਿਆਈਆ ਅਤੇ ਖੋਏ ਦੀ ਚੈਕਿੰਗ ਕਰਕੇ ਕੀਤੇ ਚਲਾਨ

Desi Punjab YouTube www.desipunjab.in



ਰਣਜੀਤ ਸਿੰਘ ਮਸੌਣ ਰਾਘਵ ਅਰੋੜਾ ਅਮ੍ਰਿਤਸਰ, 10 ਅਕਤੂਬਰ ਕਮਿਸ਼ਨਰ ਫ਼ੂਡ ਸੇਫਟੀ ਪੰਜਾਬ ਦਿਲਰਾਜ ਸਿੰਘ ਅਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਦੇ ਨਿਰਦੇਸ਼ਾਂ ਅਤੇ ਸਿਵਲ ਸਰਜਨ ਡਾ. ਸਵਰਨਜੀਤ ਧਵਨ ਦੇ ਆਦੇਸ਼ਾਂ ਅਨੁਸਾਰ ਫ਼ੂਡ ਸੇਫਟੀ ਟੀਮ ਨੇ ਸਹਾਇਕ ਕਮਿਸ਼ਨਰ ਫ਼ੂਡ ਸੇਫਟੀ ਰਜਿੰਦਰ ਪਾਲ ਸਿੰਘ ਦੀ ਅਗਵਾਈ ਹੇਠ ਫ਼ੂਡ ਸੇਫਟੀ ਅਫ਼ਸਰ ਕਮਲਦੀਪ ਕੌਰ ਅਤੇ ਮਿਸ ਰਜਨੀ ਦੇ ਨਾਲ ਨਵਾਂ ਪਿੰਡ, ਤਰਸਿੱਕਾ ਅਤੇ ਖਲਚੀਆਂ ਖੇਤਰਾਂ ਵਿੱਚ ਕਈ ਮਿਠਾਈਆਂ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ। ਚੈਕਿੰਗ ਦੌਰਾਨ ਖੋਏ ਦੇ ਸੈਂਪਲ ਅਤੇ ਮਠਿਆਈਆਂ ਦੇ ਚਾਰ ਸੈਂਪਲ ਲਏ ਗਏ।ਇਸ ਤੋਂ ਬਾਅਦ ਫ਼ੂਡ ਸੇਫਟੀ ਟੀਮ ਵੱਲੋਂ ਭੰਡਾਰੀ ਪੁਲ ਨੇੜੇ ਪਕੌੜਿਆਂ ਦੀਆਂ ਦੁਕਾਨਾਂ ਦਾ ਦੌਰਾ ਕੀਤਾ। ਇਹ ਦੇਖਿਆ ਗਿਆ ਕਿ ਦੁਕਾਨਦਾਰਾਂ ਵੱਲੋਂ ਗੰਦੇ ਤੇਲ ਵਿੱਚ ਪਕੌੜੇ ਤਲੇ ਜਾ ਰਹੇ ਸਨ। ਫ਼ੂਡ ਸੇਫਟੀ ਟੀਮ ਨੇ ਤਲਣ ਵਾਲੇ ਤੇਲ ਦੇ ਦੋ ਸੈਂਪਲ ਲਏ ਅਤੇ ਗੰਦਗੀ ਦੇ ਕਾਰਨ ਮੌਕੇ 'ਤੇ ਇੱਕ ਦੁਕਾਨਦਾਰ ਨੂੰ ਇੱਕ ਚਲਾਨ ਜਾਰੀ ਕੀਤਾ। ਜ਼ਬਤ ਕੀਤੇ ਗਏ ਸੱਤ ਸੈਂਪਲ ਨੂੰ ਜਾਂਚ ਲਈ ਲੈਬੋਰਟਰੀ ਵਿੱਚ ਭੇਜਿਆ ਜਾਵੇਗਾ ਅਤੇ ਰਿਪੋਰਟ ਪ੍ਰਾਪਤ ਹੋਣ 'ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

## ਪੰਜਾਬ ਦੇ ਵਿਕਾਸ ਲਈ 2027 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨਾ ਬੇਹੱਦ ਜ਼ਰੂਰੀ:- ਐਡਵੋਕੇਟ ਰਾਹੀ

Desi Punjab YouTube www.desipunjab.in



ਤਪਾ ਮੰਡੀ,10 ਅਕਤੂਬਰ (ਧੀਮਾਨ ਸ਼੍ਰੋਮਣੀ ਅਕਾਲੀ ਦਲ ਹਲਕਾ ਭਦੌੜ ਦੇ ਇੰਚਾਰਜ ਐਡਵੋਕੇਟ ਸਤਨਾਮ ਸਿੰਘ ਰਾਹੀ ਨੇ ਤਪਾ ਵਿਖੇ ਪੰਜਾਬ ਸੂਬੇ ਦੇ ਮੌਜੂਦਾ ਹਾਲਾਤਾਂ ਅਤੇ ਮੌਜੂਦਾ ਪੰਜਾਬ ਸਰਕਾਰ ਦੀ ਮਾੜੀ ਕਾਰਗੁਜ਼ਾਰੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਜੇਕਰ ਪੰਜਾਬ ਨੂੰ ਮੁੜ ਤੋਂ ਦੁਬਾਰਾ ਵਿਕਾਸ ਦੀ ਲੀਹ 'ਤੇ ਲਿਆਉਣਾ ਹੈ ਤਾਂ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ(ਬ) ਦੀ ਸਰਕਾਰ ਬਣਾਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਸੂਬੇ ਲਈ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਪੰਜਾਬ ਦੀ ਮੌਜੂਦਾ ਸਰਕਾਰ ਮਾੜੀ ਕਾਰਗੁਜ਼ਾਰੀ ਕਾਰਨ ਸੂਬੇ ਨੂੰ ਕਰਜ਼ੇ ਵਾਲੇ ਪਾਸੇ ਧਕੇਲ ਰਹੀ ਹੈ ਅਤੇ ਸੂਬਾ ਇਕ ਕੰਗਲਾ ਪੰਜਾਬ ਬਣਦਾ ਜਾ ਰਿਹਾ ਹੈ, ਜੋ ਪੰਜਾਬ ਸੂਬੇ ਦੀ ਤਰੱਕੀ ਵਿਚ ਇਕ ਬਹੁਤ ਵੱਡਾ ਕਾਲਾ ਚਿੰਨ੍ਹ ਸਮਝਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਿਹੜਾ ਪੰਜਾਬ ਸੋਨੇ ਦੀ ਚਿੜੀ ਕਹਾਉਣ ਵਾਲਾ ਸੂਬਾ ਜਾਣਿਆ ਜਾਂਦਾ ਸੀ,ਅੱਜ ਉਹ ਪੰਜਾਬ ਨਸ਼ਿਆਂ ਦੇ ਛੇਵੇਂ ਦਰਿਆ ਗੈਂਗਸਟਰਵਾਦ, ਲੁੱਟਾਂ ਖੋਹਾਂ, ਕਤਲੋਗਾਰਦ ਵਰਗੇ ਭੈੜੇ ਸੰਗੀਨ ਜੁਰਮਾਂ ਅਤੇ ਅਪਰਾਧਾਂ ਵਿਚ ਘਿਰ ਚੁੱਕਿਆ ਹੈ। ਅੱਜ ਪੰਜਾਬ ਸੂਬੇ ਅੰਦਰ ਵਪਾਰੀ ਵਰਗ ਤੋਂ ਲੈ ਕੇ ਹਰ ਵਰਗ ਤੱਕ ਅਸੁਰੱਖਿਅਤ ਅਤੇ ਨਾਖ਼ੁਸ਼ ਹਨ। ਇਸ ਮੌਕੇ ਬਾਬਾ ਬੂਟਾ ਸਿੰਘ ਮੁੱਖ ਸੇਵਾਦਾਰ ਡੇਰਾ ਬਾਬਾ ਪੰਜਾਬ ਸਿੰਘ ਤਾਜੋਕੇ, ਸ਼ਹਿਰੀ ਪ੍ਰਧਾਨ ਲੱਕੀ ਭੱਟਾ, ਦਵਿੰਦਰ ਕੁਮਾਰ ਟੀਟੂ ਦੀਕਸ਼ਿਤ, ਮਾਸਟਰ ਪ੍ਰੇਮ ਨਾਥ,ਸਤਪਾਲ ਮੌੜ,ਗੁਰਵਿੰਦਰ ਬਾਸੀ, ਗੋਗੀ ਮਹੰਤ, ਬਿੱਟੂ ਬਰਾੜ, ਨੱਥੂ ਰਾਮ, ਪੱਪੂ ਮੌੜ, ਜੀਵਨ ਔਜਲਾ,ਐਸ.ਕੁਮਾਰ,ਬੇਅੰਤ ਮਾਗਟ,ਵਿਸਾਖਾ ਸਿੰਘ, ਹਰਜਿੰਦਰ ਪਾਲੀ, ਬਲਜਿੰਦਰ ਸਿੰਘ,ਹਾਕਮ ਸਿੰਘ, ਗੁਰਦੀਪ ਸਿੰਘ ਆਦਿ

## ਪਿੰਡ ਨਿੱਘੀ ਵਿਖੇ ਛਿੰਝ ਮੇਲਾ 12 ਨੂੰ

Desi Punjab YouTube www.desipunjab.in



ਨਵਾਂਸ਼ਹਿਰ /ਕਾਠਗੜ੍ਹ, 10 ਅਕਤੂਬਰ (ਜਤਿੰਦਰ ਪਾਲ ਸਿੰਘ ਕਲੇਰ ) ਹਲਕੇ ਦੇ ਪ੍ਰਸਿੱਧ ਪਿੰਡ ਨਿੱਘੀ ਵਿਖੇ ਬਾਬਾ ਸਿੱਧ ਚਾਨੋ ਜੀ ਨੂੰ ਸਮਰਪਿਤ ਛਿੰਝ ਮੇਲਾ 12 ਅਕਤੂਬਰ ਐਤਵਾਰ ਨੂੰ ਬੜੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਰਪੰਚ ਬਲਵੀਰ ਚੇਚੀ , ਅਤੇ ਸਰਪੰਚ ਗੁਰਮੁਖ ਸਿੰਘ ਨੇ ਦੱਸਿਆ ਕਿ ਸਮੂਹ ਨਗਰ ਨਿਵਾਸੀਆਂ ਵਲੋਂ ਜੋ ਛਿੰਝ ਮੇਲਾ ਅਗਸਤ ਮਹੀਨੇ ਵਿੱਚ ਕਰਵਾਇਆ ਜਾਣਾ ਸੀ ਉਹ ਭਾਰੀ ਬਰਸਾਤ ਦੇ ਚਲਦਿਆਂ ਮੁਲਤਵੀ ਕਰ ਦਿੱਤਾ ਗਿਆ ਸੀ ਅਤੇ ਹੁਣ ਪੰਚਾਇਤ ਤੇ ਨਗਰ ਨਿਵਾਸੀਆਂ ਦੀ ਸਲਾਹ ਅਨੁਸਾਰ ਇਹ ਛਿੰਝ ਮੇਲਾ 12 ਅਕਤੂਬਰ ਨੂੰ ਕਰਵਾਏ ਜਾਣ ਦਾ ਫੈਸਲਾ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਨਾਮਵਰ ਪਹਿਲਵਾਨ ਪਹੁੰਚ ਰਹੇ ਹਨ।

ਮੌਕੇ ਕਾਬਲ ਸਿੰਘ ਚੇਚੀ ਸੰਦੀਪ ਨੰਬਰਦਾਰ,ਦੀਪਾ ਨਿੱਘੀ ਸਰਪੰਚ, ਰੂਪ ਲਾਲ ਚੇਚੀ, ਸੁਰਜੀਤ ਕਟਾਰੀਆ ਪੰਚ, ਰਤਨ ਚੰਦ ਮੀਲੂ, ਸਰਵਣ ਮੀਲੂ, ਇਕਬਾਲ ਸਿੰਘ, ਸੁਖਦੇਵ ਚੇਚੀ, ਦਵਿੰਦਰ ਕੁਮਾਰ ਪੰਚ, ਰਾਮਸ਼ਾਹ ਚੇਚੀ, ਠੇਕੇਦਾਰ ਪਵਨ ਕੁਮਾਰ, ਬਲਦੇਵ ਚੇਚੀ, ਮਹਿੰਦਰ ਪਾਲ, ਠੇਕੇਦਾਰ ਚਰਨਜੀਤ ਕਟਾਰੀਆ, ਠੇਕੇਦਾਰ ਪ੍ਰਵੀਨ ਚੇਚੀ, ਦਵਿੰਦਰ ਕੁਮਾਰ, ਸਤਨਾਮ ਚੇਚੀ, ਠੇਕੇਦਾਰ ਰਾਮਦਾਸ, ਤੀਰਥ ਰਾਮ

## ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸਤਾਬਦੀ ਨੂੰ ਸਮਰਪਿਤ ਨੌਵੇਂ ਮਹੱਲਾ ਦੇ ਸਲੋਕ ਅਤੇ ਕੀਰਤਨ ਦੀ ਲੜੀ

Desi Punjab YouTube www.desipunjab.in



ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਦੁੱਗਰੀ, ਫੇਸ-1 ਦੀ ਪ੍ਰਬੰਧਕ ਕਮੇਟੀ ਅਤੇ ਲੁਧਿਆਣੇ ਸ਼ਹਿਰ ਦੀਆਂ ਸਾਰੀਆਂ ਇਸਤ੍ਰੀ ਸਤਿਸੰਗ ਸਭਾਵਾਂ ਦੇ ਸਹਿਯੋਗ ਸਦਕਾ ਮਿਤੀ 10 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਦੁੱਗਰੀ ਫੇਸ 1 ਵਿਖੇ ਸ਼ਾਮ ਨੂੰ 3 ਵਜੇ ਤੋਂ 5 ਵਜੇ ਤੱਕ ਸਮਾਗਮ ਹੋਏ । ਇਹ ਜਾਣਕਾਰੀ ਦਿੰਦਿਆਂ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਦੱਸਿਆ ਕਿ ਧੰਨ ਧੰਨ ਗੁਰੂ ਤੇਗ ਬਹਾਦਰ ਜੀ ਦੇ 350ਵੀਂ ਸ਼ਹੀਦੀ ਸਤਾਬਦੀ ਨੂੰ ਸਮਰਪਿਤ ਨੌਵੇਂ ਮਹੱਲਾ ਦੇ ਸਲੋਕ ਅਤੇ ਕੀਰਤਨ ਦੀ ਲੜੀ ਨੂੰ ਬਹੁਤ ਵਧੀਆ ਹੁੰਗਾਰਾ ਮਿਲ ਰਿਹਾ ਹੈ। ਜਿਸ ਵਿੱਚ ਲੁਧਿਆਣੇ ਸ਼ਹਿਰ ਦੀਆਂ ਸਾਰੀਆਂ ਇਸਤ੍ਰੀ ਸਤਿਸੰਗ ਸਭਾਵਾਂ ਨੂੰ ਸੱਦਾ ਦਿੱਤਾ ਜਾਂਦਾ ਹੈ। ਅੱਜ ਦੇ ਸਮਾਗਮ ਵਿੱਚ ਏਕ ਨੂਰ ਸੇਵਕ ਜੱਥਾ, ਸੰਤ ਸੁੰਦਰ ਸਿੰਘ ਨਗਰ, ਧਾਂਦਰਾ ਰੋਡ ਦੀ ਇਸਤ੍ਰੀ ਸਤਿਸੰਗ ਸਭਾ ਨੇ ਨੌਵੇਂ ਮਹੱਲਾ ਦੇ ਸਲੋਕ ਅਤੇ ਕੀਰਤਨ ਦੀ ਸੇਵਾ ਨਿਭਾਈ । ਬੀਬੀ ਅਮਨਪ੍ਰੀਤ ਕੌਰ ਨੇ (ਹਰ ਜੀਓ ਕ੍ਰਿਪਾ ਕਰਹੁ ਤੁਮ ਪਿਆਰੇ) ਸ਼ਬਦ ਦਾ ਗਾਇਨ ਕੀਤਾ ਤਾਂ ਸਾਰੀਆਂ ਬੀਬੀਆਂ ਨੇ ਇਹ ਸ਼ਬਦ ਨਾਲ ਨਾਲ ਗਾਇਨ ਕੀਤਾ । ਇਹ ਪ੍ਰੋਗਰਾਮ ਨਿਰੰਤਰ ਜਾਰੀ ਰਹਿਣਗੇ ਜੋ ਹਰ ਹਫਤੇ ਸ਼ੁੱਕਰਵਾਰ ਨੂੰ 3 ਵਜੇ ਤੋਂ 5 ਵਜੇ ਤੱਕ ਹੁੰਦੇ ਹਨ । ਅਗਲੇ ਹਫਤੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਗ੍ਰਾਮ ਦੇ ਜੱਥੇ ਵੱਲੋਂ ਕੀਰਤਨ ਦੀ ਸੇਵਾ ਨਿਭਾਈ ਜਾਵੇਗੀ।

ਸ਼ਹਿਰ ਦੀਆਂ ਸਾਰੀਆਂ ਇਸਤ੍ਰੀ ਸਤਿਸੰਗ ਸਭਾਵਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਪਹੁੰਚ ਕੇ ਆਪਣਾ ਜੀਵਨ ਸਫਲਾ ਕਰੋ । ਗੁਰੂ ਸਾਹਿਬ ਜੀ ਦੀ ਚੱਲ ਰਹੀ 350ਵੀਂ ਸ਼ਹੀਦੀ ਸਤਾਬਦੀ ਨੂੰ ਸਾਰੇ ਇਕੱਠੇ ਹੋ ਕੇ ਵਧੀਆ ਤਰੀਕੇ ਨਾਲ ਮਨਾ ਸਕੀਏ ਅਤੇ ਗੁਰੂ ਸਾਹਿਬ ਦੇ ਦੱਸੇ ਹੋਏ ਸਿਧਾਂਤਾਂ ਤੇ ਚੱਲ ਸਕੀਏ। ਅਰਦਾਸ, ਹੁਕਮਨਾਮੇ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਸਮਾਗਮ ਵਿੱਚ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ, ਬੀਬੀ ਜਸਵਿੰਦਰ ਕੌਰ, ਬਲਬੀਰ ਕੌਰ, ਮਨਇਮਾਨਤ ਕੌਰ, ਬਿਸਮਨ ਕੌਰ, ਹਰਪ੍ਰੀਤ ਕੌਰ ਜਸਪ੍ਰੀਤ ਕੌਰ ਪਰਸਨਜੀਤ ਕੌਰ, ਰਵਿੰਦਰ ਕੌਰ, ਮਨਜੀਤ ਕੌਰ, ਜਤਿੰਦਰ ਕੌਰ, ਰੋਜ਼ੀ ਕੌਰ, ਮਨਜੀਤ ਕੌਰ, ਦਵਿੰਦਰ ਕੌਰ, ਰਾਜਨੀਇੰਦਰ ਕੌਰ, ਰਵਿੰਦਰ ਕੌਰ ਰਹੇਜਾ, ਕਰਮਜੀਤ ਕੌਰ, ਪਰਮਜੀਤ ਕੌਰ, ਕੁਲਜੀਤ ਕੌਰ, ਗੁਰਜੀਤ ਕੌਰ, ਭੁਪਿੰਦਰ ਕੌਰ, ਤੇਜਿੰਦਰ ਕੌਰ, ਮਲਵਿੰਦਰ ਕੌਰ, ਹਰਦੀਪ ਕੌਰ, ਅਮਨਦੀਪ ਕੌਰ ਸ਼ਾਮਲ ਸਨ।

## ਪੁਲੀਆਂ ਅਤੇ ਸੜਕਾਂ 'ਤੇ ਬਣੀ ਰੇਲਿੰਗ ਅਤੇ ਡਿਵਾਈਡਰ ਤੋੜਨ 'ਤੇ ਮੁਕੰਮਲ ਪਾਬੰਦੀ

Desi Punjab YouTube www.desipunjab.in

ਰਣਜੀਤ ਸਿੰਘ ਮਸੌਣ ਰਾਘਵ ਅਰੋੜਾਅੰਮ੍ਰਿਤਸਰ, 10 ਅਕਤੂਬਰ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਸ੍ਰੀ ਰੋਹਿਤ ਗੁਪਤਾ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਬੀ.ਐਨ.ਐਸ.ਐਸ. ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਜਿਲ੍ਹਾ ਅੰਮ੍ਰਿਤਸਰ ਵਿੱਚ ਪੁਲੀਆਂ ਅਤੇ ਸੜਕਾਂ 'ਤੇ ਬਣੀਆਂ ਰੇਲਿੰਗਾਂ ਤੋੜਨ ਅਤੇ ਸੜਕਾਂ ਦੀ ਉਸਾਰੀ ਜਾਂ ਫਲਾਈਓਵਰ ਨੂੰ ਪੱਕਾ ਕਰਦੇ ਸਮੇਂ ਬਣੇ ਡਿਵਾਈਡਰਾਂ ਨੂੰ ਤੋੜ ਕੇ ਆਰਜ਼ੀ ਤੌਰ 'ਤੇ ਰਸਤਾ ਕੱਢਣ 'ਤੇ ਮੁਕੰਮਲ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।

ਹੁਕਮਾਂ ਵਿਚ ਅੱਗੇ ਕਿਹਾ ਗਿਆ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਕਈ ਪੁਲੀਆਂ ਅਤੇ ਸੜਕਾਂ ਹਨ ਜੋ ਬਿਨਾਂ ਰੇਲਿੰਗ ਦੇ ਹਨ। ਇਸ ਤੋਂ ਇਲਾਵਾ ਕੁੱਝ ਲੋਕਾਂ/ਠੇਕੇਦਾਰਾਂ/ਮਹਿਕਮਿਆਂ ਵੱਲੋਂ ਫ਼ਸਲ ਦੀ ਕਟਾਈ ਸਬੰਧੀ ਮਸ਼ੀਨਾਂ/ਡਿੱਚ ਮਸ਼ੀਨਾਂ ਅਤੇ ਟਰਾਲੀਆਂ ਆਦਿ ਨੂੰ ਲਿਜਾਣ ਲਈ ਤੰਗ ਪੁਲੀਆਂ 'ਤੇ ਬਣੇ ਡਿਵਾਈਡਰਾਂ ਨੂੰ ਤੋੜਨ, ਪੁਲੀਆਂ ਜਾਂ ਸੜਕਾਂ ਦੀ ਉਸਾਰੀ ਜਾਂ ਫਲਾਈਓਵਰ ਨੂੰ ਪੱਕਾ ਕਰਦੇ ਸਮੇਂ ਸੜਕਾਂ 'ਤੇ ਬਣੇ ਡਿਵਾਈਡਰਾਂ ਨੂੰ ਤੋੜਨ ਅਤੇ ਆਰਜ਼ੀ ਤੌਰ 'ਤੇ ਰਸਤਾ ਕੱਢਣ ਕਰਕੇ ਦੁਰਘਟਨਾਵਾਂ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਲਈ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਤੇਜ਼ੀ ਨਾਲ ਉਪਰਾਲੇ ਕਰਨ ਦੀ ਲੋੜ ਹੈ।

ਇਹ ਪਾਬੰਦੀ ਦਾ ਹੁਕਮ 6 ਜਨਵਰੀ 2026 ਤੱਕ ਲਾਗੂ ਰਹੇਗਾ।

## ਡਾ. ਬੇਦੀ ਹਾਰਟ ਸਰਜਨ ਨੇ ਬਾਡੀ ਬਿਲਡਰਾਂ ਨੂੰ ਦਿਲ ਦੇ ਦੌਰੇ ਦੇ ਜੋਖਮ ਤੋਂ ਸਾਵਧਾਨ ਕੀਤਾ

### ਸਭ ਤੋਂ ਪਹਿਲਾਂ ਇੱਕ ਪਿਆਰੇ ਪੰਜਾਬੀ ਬਾਡੀ ਬਿਲਡਰ ਦੇ ਹਾਲ ਹੀ ਵਿੱਚ ਹੋਏ ਦੇਹਾਂਤ 'ਤੇ ਦਿਲੋਂ ਸੰਵੇਦਨਾ



।ਡਾ. ਹਰਿੰਦਰ ਸਿੰਘ ਬੇਦੀ - ਪਾਰਕ ਗ੍ਰੀਸ਼ੀਅਨ ਹਸਪਤਾਲ ਮੋਹਾਲੀ, ਪੰਜਾਬ ਵਿਖੇ ਕਾਰਡੀਓ ਵੈਸਕੁਲਰ ਸਾਇੰਸਜ਼ ਦੇ ਡਾਇਰੈਕਟਰ - ਨੇ ਕਿਹਾ ਕਿ ਇਹ ਇੱਕ ਸੱਚਾਈ ਹੈ ਕਿ ਪੁਰਸ਼ ਬਾਡੀ ਬਿਲਡਰ ਐਥਲੀਟਾਂ ਨੂੰ ਦਿਲ ਦੇ ਦੌਰੇ ਦਾ ਜੋਖਮ 5 ਗੁਣਾ ਵੱਧ ਹੁੰਦਾ ਹੈ। ਇਹ ਕਈ ਕਾਰਕਾਂ ਦੇ ਕਾਰਨ ਹੁੰਦਾ ਹੈ। ਡਾ. ਬੇਦੀ ਨੇ ਦੱਸਿਆ ਕਿ ਅਜਿਹੇ ਐਥਲੀਟਾਂ ਨੂੰ ਕਾਰਡੀਓਮਾਇਓਪੈਥੀ ਨਾਮਕ ਦਿਲ ਦੀ ਬਿਮਾਰੀ ਹੋ ਸਕਦੀ ਹੈ ਜੋ ਅਚਾਨਕ ਦਿਲ ਦੀ ਮੌਤ (SCD) ਦਾ ਕਾਰਨ ਬਣਦੀ ਹੈ। ਇਸਨੂੰ ਕਾਰਡੀਅਕ ਈਕੋ ਨਾਮਕ ਇੱਕ ਸਧਾਰਨ ਟੈਸਟ ਦੁਆਰਾ ਆਸਾਨੀ ਨਾਲ ਚੁੱਕਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਐਥਲੀਟਾਂ ਨੂੰ ਕਈ ਵਾਰ ਐਨਾਬੋਲਿਕ ਸਟੀਰੌਇਡ ਅਤੇ ਪ੍ਰੋਟੀਨ ਸਪਲੀਮੈਂਟ ਦਿੱਤੇ ਜਾਂਦੇ ਹਨ ਜੋ ਦਿਲ ਅਤੇ ਗੁਰਦਿਆਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਐਥਲੀਟ ਕਈ ਵਾਰ ਜਾਣਬੁੱਝ ਕੇ ਇੱਕ ਨਿਸ਼ਚਿਤ ਲੜਕੇ ਦੇ ਭਾਰ ਨੂੰ ਬਣਾਈ ਰੱਖਣ ਲਈ ਡੀਹਾਈਡ੍ਰੇਟ ਕਰਦਾ ਹੈ - ਇਸ ਨਾਲ ਖੂਨ ਗਾੜ੍ਹਾ ਹੋ ਜਾਂਦਾ ਹੈ ਅਤੇ ਇੱਕ ਥੱਕਾ ਹੋਣ ਕਾਰਨ ਦਿਲ ਦੇ ਦੌਰੇ ਦਾ ਖ਼ਤਰਾ ਹੁੰਦਾ ਹੈ। ਕਸਰਤ ਦਾ ਤੇਜ਼ ਫਟਣਾ ਦਿਲ 'ਤੇ ਬੇਲੋੜਾ ਦਬਾਅ ਪਾ ਸਕਦਾ ਹੈ। ਡਾ. ਬੇਦੀ ਨੇ ਇੱਕ ਸਾਬਕਾ ਮਿਸਟਰ ਪੰਜਾਬ ਨੂੰ ਯਾਦ ਕੀਤਾ ਜਿਸਨੂੰ ਉਪਰੋਕਤ ਕਾਰਕਾਂ ਦੇ ਸੁਮੇਲ ਕਾਰਨ ਛੋਟੀ ਉਮਰ ਵਿੱਚ ਹੀ ਦਿਲ ਦੀ ਬਿਮਾਰੀ ਹੋ ਗਈ ਸੀ - ਡਾ. ਬੇਦੀ ਦੁਆਰਾ ਉਸਦੀ ਬਾਈਪਾਸ ਸਰਜਰੀ ਸਫਲਤਾਪੂਰਵਕ ਕਰਵਾਈ ਗਈ ਸੀ ।ਮਈ 2025 ਵਿੱਚ ਪ੍ਰਕਾਸ਼ਿਤ ਵੱਕਾਰੀ ਯੂਰਪੀਅਨ ਹਾਰਟ ਜਰਨਲ ਵਿੱਚ ਇੱਕ ਖੋਜ ਪੱਤਰ ਨੇ ਉਪਰੋਕਤ ਸਾਰੇ ਤੱਥਾਂ ਨੂੰ ਵਿਗਿਆਨਕ ਤੌਰ 'ਤੇ ਦਸਤਾਵੇਜ਼ੀ ਰੂਪ ਵਿੱਚ ਦਰਜ ਕੀਤਾ ਹੈ - https://academic.oup.com/eurheartj/article/46/30/3006/8131432 ।ਡਾ. ਬੇਦੀ ਨੇ ਕਿਹਾ ਕਿ ਸਾਡੇ ਬਾਡੀ ਬਿਲਡਰ ਐਥਲੀਟਾਂ ਵਿੱਚ ਦਿਲ ਦੇ ਦੌਰੇ ਦੇ ਜੋਖਮ ਨੂੰ ਕਾਬੂ ਵਿੱਚ ਰੱਖਣ ਲਈ ਨਿਯਮਤ ਦਿਲ ਦੀ ਜਾਂਚ, ਇੱਕ ਯੋਗ ਕੋਚ ਦੇ ਅਧੀਨ ਇੱਕ ਗ੍ਰੇਡਿਡ ਕਸਰਤ ਯੋਜਨਾ, ਇੱਕ ਸਮਝਦਾਰ ਘੱਟ ਚਰਬੀ ਵਾਲੀ ਜ਼ੀਰੋ ਡੀਪ ਫਰਾਈਡ ਖੁਰਾਕ ਅਤੇ ਕਿਸੇ ਵੀ ਦਵਾਈ ਜਾਂ ਨਕਲੀ ਪੂਰਕਾਂ ਤੋਂ ਬਚਣਾ ਮਹੱਤਵਪੂਰਨ ਹੈ।

## ਸਵੱਛਤਾ ਤੇ ਮਾਨਸਿਕ ਸਿਹਤ ਦਿਵਸ ਮੌਕੇ ਮਾਡਲ ਟਾਊਨ ਵਿੱਖੇ ਐਸ ਐਮ ਓ ਵੱਲੋਂ ਨਿਕਲੀ ਜਾਗਰੂਕਤਾ ਰੈਲੀਸਫਾਈ ਨਾਲ ਹੀ

### ਡੇਂਗੂ ਤੋਂ ਬਚਾਅ ਸੰਭਵ,ਮਾਨਸਿਕ ਸਿਹਤ ਨੂੰ ਦੇਓ ਪਹਿਲ,ਖੁਸ਼ ਮਨ ਹੀ ਤੰਦਰੁਸਤ ਸਰੀਰ ਦੀ ਪਹਿਚਾਣ - ਡਾ. ਲਵਕੇਸ਼ ਕੁਮਾਰ



ਪਟਿਆਲਾ – ( ਕੀਰਤ ਪਟਿਆਲਵੀ) – ਸਵੱਛਤਾ ਦਿਵਸ ਅਤੇ ਵਿਸ਼ਵ ਮਾਨਸਿਕ ਸਿਹਤ ਦਿਵਸ ਮੌਕੇ ਅੱਜ ਮਾਡਲ ਟਾਊਨ ਸਿਹਤ ਕੇਂਦਰ ਵੱਲੋਂ ਵੱਡੀ ਜਾਗਰੂਕਤਾ ਰੈਲੀ ਕੱਢ ਕੇ ਦਿਵਸ ਮਨਾਇਆ ਗਿਆ।ਰੈਲੀ ਦੀ ਅਗਵਾਈ ਐਸ ਐਮ ਓ ਡਾ. ਲਵਕੇਸ਼ ਕੁਮਾਰ ਵੱਲੋਂ ਕੀਤੀ ਗਈ,ਜਿਸ ਵਿੱਚ ਸਿਹਤ ਵਿਭਾਗ ਦੇ ਡਾ.ਪ੍ਰਸ਼ਾਂਤ ਗੌਤਮ, ਡਾ. ਨਿਧੀ ਸ਼ਰਮਾ, ਡਾ. ਗਗਨਜੀਤ ਵਾਲੀਆ,ਡਾ. ਅਜੀਤ ਟੰਡਨ,ਡਾ. ਬਬੀਤਾ,ਡਾ. ਨੈਨਸੀ,ਡਾ. ਸੁਨੀਤਾ ਸੰਧੂ, ਫਾਰਮੇਸ਼ੀ ਅਫਸਰ ਅਨੂ,ਨਰਸਿੰਗ ਸਟਾਫ ਜਗਦੀਪ ਕੌਰ,ਪ੍ਰਭਜੋਤ ਕੌਰ,ਸਮਾਜ ਸੇਵੀ ਅਵਾਰਡੀ ਗੁਰਕੀਰਤ ਸਿੰਘ ਸਟੇਟ ਅਵਾਰਡੀ ਪਰਮਜੀਤ ਸਿੰਘ,ਏ.ਐਨ.ਐਮ.ਪਰਮਜੀਤ ਕੌਰ, ਓਪਰੇਟਰ ਰੀਨਾ ਰਾਣੀ, ਗੁਰਵਿੰਦਰ ਕੌਰ,ਸਮੂਹ ਪੈਰਾ ਮੈਡੀਕਲ ਸਟਾਫ ਅਤੇ ਭਾਈ ਗੁਰਦਾਸ ਨਰਸਿੰਗ ਕਾਲਜ ਨੰਦਪੁਰ ਕੇਸ਼ੋ ਦੀਆਂ ਵਿਦਿਆਰਥਣਾਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ।ਰੈਲੀ ਮਾਡਲ ਟਾਊਨ ਦੀਆਂ ਗਲੀਆਂ ਵਿਚੋਂ ਗੁਜ਼ਰੀ, ਜਿਸ ਦੌਰਾਨ ਵਿਦਿਆਰਥਣਾਂ ਤੇ ਸਿਹਤ ਕਰਮਚਾਰੀਆਂ ਨੇ "ਸਾਫ ਰਹੋ,ਤੰਦਰੁਸਤ ਰਹੋ", "ਮਨ ਰਹੇ ਖੁਸ਼,ਤਾ ਜੀਵਨ ਰਹੇ ਰੌਸ਼ਨ" ਵਰਗੇ ਨਾਅਰੇ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਡਾ. ਲਵਕੇਸ਼ ਕੁਮਾਰ ਨੇ ਕਿਹਾ ਕਿ ਸਫਾਈ ਸਿਰਫ ਇੱਕ ਆਦਤ ਨਹੀਂ, ਸਗੋਂ ਸਿਹਤਮੰਦ ਜੀਵਨ ਦੀ ਨੀਂਹ ਹੈ। ਉਨ੍ਹਾਂ ਨੇ ਕਿਹਾ ਕਿ "ਜੇਕਰ ਅਸੀਂ ਆਪਣਾ ਆਲਾ ਦੁਆਲਾ ਸਾਫ ਰੱਖੀਏ, ਤਾਂ ਡੇਂਗੂ ਬੁਖਾਰ ਵਰਗੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਘਰਾਂ ਵਿੱਚ ਖੜ੍ਹਾ ਪਾਣੀ ਨਾ ਰਹਿਣ ਦਿਓ, ਤੇ ਹਰ ਰੋਜ਼ ਸਫਾਈ ਦਾ ਖਾਸ ਧਿਆਨ ਰੱਖੋ।"ਉਨ੍ਹਾਂ ਨੇ ਕਿਹਾ ਕਿ ਮਾਨਸਿਕ ਸਿਹਤ ਵੀ ਸਰੀਰਕ ਸਿਹਤ ਜਿੰਨੀ ਹੀ ਜਰੂਰੀ ਹੈ। "ਅੱਜ ਦਾ ਸਮਾਂ ਤਣਾਅ ਅਤੇ ਚਿੰਤਾ ਨਾਲ ਭਰਪੂਰ ਹੈ। ਸਾਨੂੰ ਆਪਣੀ ਮਾਨਸਿਕ ਸਿਹਤ ਦੀ ਸੰਭਾਲ ਕਰਨੀ ਚਾਹੀਦੀ ਹੈ, ਕਿਉਂਕਿ ਖੁਸ਼ ਮਨ ਹੀ ਸਿਹਤਮੰਦ ਸਰੀਰ ਦੀ ਪਛਾਣ ਹੈ।ਇਸ ਮੌਕੇ ਭਾਈ ਗੁਰਦਾਸ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਨੇ ਪਲੇ ਕਾਰਡ ਅਤੇ ਪੋਸਟਰ ਰਾਹੀਂ ਲੋਕਾਂ ਨੂੰ ਸਵੱਛਤਾ ਤੇ ਮਾਨਸਿਕ ਸਿਹਤ ਸੰਬੰਧੀ ਸੁਨੇਹਾ ਦਿੱਤਾ।ਰੈਲੀ ਦੌਰਾਨ ਸਿਹਤ ਵਿਭਾਗ ਵੱਲੋਂ ਪੰਫਲੈਟ ਵੰਡੇ ਗਏ ਤੇ ਘਰਾਂ ਦੇ ਆਲੇ ਦੁਆਲੇ ਸਫਾਈ ਰੱਖਣ, ਡੇਂਗੂ ਤੇ ਹੋਰ ਬਿਮਾਰੀਆਂ ਤੋਂ ਬਚਾਅ ਲਈ ਅਪੀਲ ਕੀਤੀ ਗਈ।ਅੰਤ ਵਿੱਚ ਡਾ. ਲਵਕੇਸ਼ ਕੁਮਾਰ ਨੇ ਸਾਰੇ ਸਿਹਤ ਕਰਮਚਾਰੀਆਂ, ਵਿਦਿਆਰਥਣਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਜਾਗਰੂਕਤਾ ਮੁਹਿੰਮ ਨੂੰ ਸਫਲ ਬਣਾਉਣ ਲਈ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਤਰ੍ਹਾਂ ਦੀਆਂ ਜਾਗਰੂਕਤਾ ਰੈਲੀਆਂ ਹੋਰ ਇਲਾਕਿਆਂ ਵਿੱਚ ਵੀ ਕਰਵਾਈਆਂ ਜਾਣਗੀਆਂ ਤਾਂ ਜੋ ਹਰ ਨਾਗਰਿਕ ਸਿਹਤਮੰਦ ਤੇ ਸੁਰੱਖਿਅਤ ਰਹੇ।

## ਰਾਤ ਨੂੰ ਅਸਮਾਨ 'ਚ ਚਮਕੇ ਚੰਨ ਨੂੰ ਅਰਘ ਦੇ ਕੇ ਸੁਹਾਗਣਾਂ ਨੇ ਕੀਤਾ ਕਰਵਾਚੌਥ ਦਾ ਵਰਤ ਪੂਰਾ



ਤਪਾ ਮੰਡੀ,10 ਅਕਤੂਬਰ (ਧੀਮਾਨ ਸੁਹਾਗਣਾਂ ਵਲੋਂ ਆਪਣੇ ਸੁਹਾਗ ਦੀ ਲੰਬੀ ਉਮਰ ਵਾਸਤੇ ਰੱਖਿਆ ਜਾਣ ਵਾਲਾ ਕਰਵਾਚੌਥ ਦਾ ਵਰਤ ਸ਼ੁਕਰਵਾਰ ਰਾਤ ਅਸਮਾਨ 'ਚ ਚਮਕੇ ਚੰਨ ਨੂੰ ਅਰਘ ਦੇਣ ਨਾਲ ਸੰਪੰਨ ਹੋ ਗਿਆ। ਕਰਵਾਚੌਥ ਵਰਤ ਵਾਲੇ ਦਿਨ ਸੁਹਾਗਣਾਂ ਨੂੰ ਆਪਣੀ ਉਡੀਕ ਕਰਵਾਉਂਦਾ ਹੋਇਆ ਚੰਨ ਜਦ ਰਾਤ ਸਮੇਂ ਨਿਕਲਿਆ, ਉਸ ਵੇਲੇ ਸੁਹਾਗਣਾਂ ਵਲੋਂ ਉਸਨੂੰ ਅਰਘ ਦੇਣ ਦੇ ਨਾਲ ਆਪਣੇ ਮਾਹੀ ਦਾ ਚਿਹਰਾ ਛਾਨਣੀ ਵਿਚ ਦੇਖਕੇ ਉਸ ਦੇ ਹੱਥੋਂ ਪਾਣੀ ਪੀਕੇ ਆਪਣਾ ਕਰਵਾਚੌਥ ਦਾ ਵਰਤ ਪੂਰਾ ਕੀਤਾ ਗਿਆ। ਕਰਵਾਚੌਥ ਵਰਤ ਦੀ ਸ਼ੁਰੂਆਤ ਸੁਹਾਗਣਾਂ ਵਲੋਂ ਸਵੇਰੇ ਤੜਕੇ ਉਠਕੇ ਸਰਘੀ ਖਾਕੇ ਤੇ ਆਪਣੇ ਸੁਹਾਗ ਤੋਂ ਆਸ਼ੀਰਵਾਦ ਲੈ ਕੇ ਕੀਤੀ ਗਈ। ਫਿਰ ਸ਼ਾਮ ਨੂੰ ਮੰਦਰਾਂ ਵਿਚ ਜਾ ਆਪਣੇ ਘਰਾਂ ਵਿਚ ਪੰਡਤਾਂ ਤੋਂ ਵਰਤ ਦੀ ਕਥਾ ਸੁਣੀ ਗਈ।ਇਸ ਮੌਕੇ ਸੁਹਾਗਣਾਂ ਵਲੋਂ ਇਕ ਦੂਜੇ ਨਾਲ ਥਾਲੀਆਂ ਵੀ ਵਟਾਈਆਂ ਗਈਆਂ। ਇਸ ਤੋਂ ਇਲਾਵਾ ਕਈ ਮਹਿਲਾ ਕਲੱਬਾਂ ਵਿਚ ਕਰਵਾ ਚੌਥ ਦੀ ਕਥਾ ਦਾ ਆਯੋਜਨ ਵੀ ਕੀਤਾ ਗਿਆ। ਫਿਰ ਰਾਤ ਨੂੰ ਸੁਹਾਗਣਾਂ ਵਲੋਂ ਚੰਨ ਨੂੰ ਅਰਘ ਦੇ ਕੇ ਆਪਣਾ ਵਰਤ ਪੂਰਾ ਕੀਤਾ ਗਿਆ। ਕਰਵਾਚੌਥ ਦਾ ਵਰਤ ਸੁਹਾਗਣਾਂ ਤੋਂ ਇਲਾਵਾ ਕੁਆਰੀ ਲੜਕੀਆਂ ਵਲੋਂ ਵੀ ਰੱਖਿਆ ਗਿਆ ਤੇ ਉਨ੍ਹਾਂ ਵਲੋਂ ਤਾਰੇ ਨੂੰ ਅਰਘ ਦੇ ਕੇ ਆਪਣਾ ਵਰਤ ਪੂਰਾ ਕੀਤਾ ਗਿਆ। ਕੁਆਰੀ ਲੜਕੀਆਂ ਵਲੋਂ ਆਪਣੇ ਲਈ ਚੰਗੇ ਵਰ ਦੀ ਪ੍ਰਾਪਤੀ ਲਈ ਇਹ ਵਰਤ ਰੱਖਿਆ ਜਾਂਦਾ ਹੈ। ਕਰਵਾਚੌਥ ਵਰਤ ਦੇ ਪੂਰਾ ਹੋਣ ਤੋਂ ਬਾਅਦ ਰਾਤ ਨੂੰ ਸ਼ਹਿਰ ਦੇ ਖਾਣ ਪੀਣ ਦੇ ਹੋਟਲਾਂ ਅਤੇ ਢਾਬਿਆਂ 'ਤੇ ਵੀ ਰੌਣਕ ਦੇਖਣ ਨੂੰ ਮਿਲੀ। ਵਰਤ ਪੂਰਾ ਕਰਨ ਤੋਂ ਬਾਅਦ ਕਈ ਸੁਹਾਗਣਾਂ ਵਲੋਂ ਆਪਣੇ ਪਤੀ ਅਤੇ ਬੱਚਿਆਂ ਨਾਲ ਹੋਟਲਾਂ ਆਦਿ ਤੇ ਜਾਕੇ ਵੀ ਖਾਣਾ ਖਾਧਾ ਗਿਆ । ਵਰਤ ਵਾਲੇ ਦਿਨ ਸ਼ਹਿਰ ਦੇ ਬਿਊਟੀ ਪਾਰਲਰਾਂ ਵਿਚ ਵੀ ਸੁਹਾਗਣਾਂ ਦੀ ਭੀੜ ਦੇਖਣ ਨੂੰ ਮਿਲੀ, ਜਿਥੇ ਆਪਣੇ ਮਾਹੀ ਲਈ ਸੁਹਾਗਣਾਂ ਵਲੋਂ ਆਪਣਾ ਹਾਰ ਸ਼ਿੰਗਾਰ ਕਰਵਾਇਆ ਗਿਆ। ਪੰਡਤ ਸੋਮ ਨਾਥ ਸ਼ਰਮਾ ਨੇ ਵਰਤ ਸੰਬੰਧੀ ਗੱਲਬਾਤ ਦੌਰਾਨ ਦੱਸਿਆ ਕਿ ਸੁਹਾਗਣਾਂ ਵਲੋਂ ਉਕਤ ਵਰਤ ਰੱਖਣ ਨਾਲ ਉਸਦੇ ਸੁਹਾਗ ਦੀ ਉਮਰ ਲੰਬੀ ਹੁੰਦੀ ਹੈ, ਉਥੇ ਹੀ ਘਰ ਦੇ ਕਸ਼ਟਾਂ ਦਾ ਵੀ ਨਾਸ਼ ਹੁੰਦਾ ਹੈ।

## ਉੱਘੇ ਗਾਇਕ ਰਾਜਵੀਰ ਜਵੰਧਾ ਦੀ ਬੇਵਕਤੀ ਮੌਤ 'ਤੇ ਭਾਰਤੀ ਕਿਸਾਨ ਯੂਨੀਅਨ

### ਤੋਤੇਵਾਲ ਪ੍ਰਧਾਨ ਗੁਰਨਾਮ ਸਿੰਘ ਸੰਧੂ ਪੰਜਾਬ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ



ਮਹਿਲ ਕਲਾਂ 9 ਅਕਤੂਬਰ (ਰਾਜਵਿੰਦਰ ਸਿੰਘ ਕਲਾਲ ਮਾਜਰਾ ਬਲਜਿੰਦਰ ਸਿੰਘ ਢਿੱਲੋਂ)- ਆਪਣੀ ਦਮਦਾਰ 5 ਆਵਾਜ਼ ਅਤੇ ਸ਼ਾਨਦਾਰ ਗੀਤਾਂ ਨਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੇ ਉੱਘੇ ਗਾਇਕ ਰਾਜਵੀਰ ਜਵੰਧਾ ਨੂੰ ਇਕ ਹਾਦਸੇ ਨੇ 1 ਸਦਾ ਲਈ ਸਾਥੋਂ ਦੂਰ ਕਰ ਦਿੱਤਾ ਉਕਤ ਗਾਇਕ ਦੀ ਬੇਵਕਤੀ ; ਮੌਤ 'ਤੇ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਪ੍ਰਧਾਨ ਗੁਰਨਾਮ ਸਿੰਘ ਸੰਧੂ ਪੰਜਾਬ ਆਦਿ ਤੋਂ ਇਲਾਕੇ ਦੀਆਂ ਵੱਖ-ਵੱਖ ਸ਼ਖ਼ਸੀਅਤਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਗਾਇਕ ਰਾਜਵੀਰ ਜਵੰਧਾ

## ਮੈਰਿਜ ਪੈਲੇਸਾਂ 'ਚ ਹਥਿਆਰ ਲਿਜਾਣ ਅਤੇ ਫਾਇਰ ਕਰਨ 'ਤੇ ਪੂਰਨ ਮਨਾਹੀ ਦੇ ਹੁਕਮ



ਰਣਜੀਤ ਸਿੰਘ ਮਸੌਣ ਰਾਘਵ ਅਰੋੜਾ ਅੰਮ੍ਰਿਤਸਰ, 10 ਅਕਤੂਬਰ ਵਧੀਕ ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਸ੍ਰੀ ਰੋਹਿਤ ਗੁਪਤਾ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਬੀ.ਐਨ.ਐਸ.ਐਸ. ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਜਿਲ੍ਹੇ ਦੇ ਦਿਹਾਤੀ ਏਰੀਏ ਵਿੱਚ ਚੱਲ ਰਹੇ ਮੈਰਿਜ ਪੈਲੇਸਾਂ ਵਿੱਚ ਹਥਿਆਰ ਆਦਿ ਲੈ ਕੇ ਆਉਣ ਅਤੇ ਹਵਾਈ ਫਾਇਰ ਕਰਨ ਅਤੇ ਸ਼ੋਸ਼ਲ ਮੀਡੀਆ ਵਿੱਚ ਅਜਿਹੀ ਕਾਰਵਾਈ 'ਤੇ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮ ਵਿੱਚ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਹੈ ਕਿ ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ (ਦਿਹਾਤੀ) ਨੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਕਾਫ਼ੀ ਗਿਣਤੀ ਵਿੱਚ ਮੈਰਿਜ਼ ਪੈਲੇਸਾਂ, ਧਾਰਮਿਕ ਸਥਾਨਾਂ ਵਿੱਚ ਹੁੰਦੇ ਸਮਾਰੋਹਾਂ ਦੌਰਾਨ ਕਈ ਲੋਕਾਂ ਵੱਲੋਂ ਹਥਿਆਰ ਨਾਲ ਲੈ ਕੇ ਜਾਣਾ ਅਤੇ ਹਵਾਈ ਫਾਇਰ ਕਰਨਾ ਇੱਕ ਰਵਾਇਤ ਜਿਹੀ ਬਣ ਗਈ ਹੈ ਅਤੇ ਸ਼ੋਸਲ ਮੀਡੀਆ ਤੇ ਵੀ ਹਥਿਆਰਾਂ ਦੀ ਨੁਮਾਇਸ਼ ਕੀਤੀ ਜਾਂਦੀ ਹੈ, ਜਿਸ ਨਾਲ ਕਈ ਵਾਰ ਅਮਨ ਕਾਨੂੰਨ ਦੀ ਸਥਿਤੀ ਵਿਗੜਨ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਲਈ ਜ਼ਿਲ੍ਹਾ ਦਿਹਾਤੀ ਏਰੀਏ ਵਿਚ ਚੱਲ ਰਹੇ ਮੈਰਿਜ ਪੈਲੇਸਾਂ ਅੰਦਰ ਹਥਿਆਰ ਲੈ ਕੇ ਜਾਣ ਅਤੇ ਹਵਾਈ ਫਾਇਰ ਕਰਨ 'ਤੇ ਰੋਕ ਲਗਾਈ ਜਾਣੀ ਅਤਿ ਜ਼ਰੂਰੀ ਹੈ।

ਇਹ ਪਾਬੰਦੀ ਦਾ ਹੁਕਮ 6 ਜਨਵਰੀ 2026 ਤੱਕ ਲਾਗੂ ਰਹੇਗਾ।

## ਅਕਾਲੀ ਦਲ ਬਾਦਲ ਨੂੰ ਵੱਡਾ ਝਟਕਾ, ਅਮਰੀਕ ਸਿੰਘ ਬਿੱਟਾ ਵਾਰਿਸ ਪੰਜਾਬ ਦੇ 'ਚ ਹੋਏ ਸ਼ਾਮਲ



ਜੰਡਿਆਲਾ ਗੁਰੂ(ਸੁਖਜਿੰਦਰ ਸਿੰਘ ਸੋਨੂੰ,ਗੁਲਸ਼ਨ ਵਿਨਾਇਕ)ਸ਼੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਆਪਣੇ ਆਗੂਆਂ ਨੂੰ ਨਜ਼ਰਅੰਦਾਜ਼ ਕਰਦੀ ਆ ਰਹੀ ਇਸੇ ਚਲਦਿਆਂ ਪਾਰਟੀ ਦੀ ਹਾਲਤ ਕਮਜ਼ੋਰ ਹੁੰਦੀ ਜਾ ਰਹੀ ਤੇ ਪੁਰਾਣੇ ਸੀਨੀਅਰ ਆਗੂ ਪਾਰਟੀ ਨੂੰ ਛੱਡ ਹੋਰਨਾਂ ਪਾਰਟੀਆਂ ਵਿਚ ਸ਼ਾਮਲ ਹੁੰਦੇ ਜਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਜੰਡਿਆਲਾ ਗੁਰੂ ਤੋਂ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਬਿਰਕਮ ਸਿੰਘ ਮਜੀਠੀਆ ਦੇ ਕਰੀਬੀ ਅਮਰੀਕ ਸਿੰਘ ਬਿੱਟਾ ਨੇ ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਵਿਚ ਸ਼ਾਮਲ ਹੋਣ ਤੋਂ ਬਆਦ ਕੀਤਾ। ਬਿੱਟਾ ਨੂੰ ਬਾਪੂ ਤਰਸੇਮ ਸਿੰਘ ਨੇ ਪਾਰਟੀ ਵਿਚ ਸ਼ਾਮਲ ਹੋਣ ਤੇ ਜੀ ਆਇਆ ਕਿਹਾ। ਇਸ ਮੌਕੇ ਤੇ ਬਿੱਟਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਮਿਹਨਤੀ ਆਗੂਆਂ ਨੂੰ ਮਗਰਲੀ ਕਤਾਰ ਵਿਚ ਧੱਕਣਾ ਚਾਹੁੰਦੇ ਹਨ ਤੇ ਨਵੇਂ ਲੋਕ ਜਿੰਨਾਂ ਦਾ ਪਾਰਟੀ ਨੂੰ ਕੋਈ ਬਹੁਤਾ ਯੋਗਦਾਨ ਨਹੀਂ ਹੈ ਉਨ੍ਹਾਂ ਨੂੰ ਅੱਗੇ ਲਗਾ ਕਿ ਰੱਖਣਾ ਚਾਹੁੰਦੇ ਹਨ। ਉਨ੍ਹਾਂ ਨੇ ਕਿਹਾ ਜਦੋਂ ਸੋਦਾ ਸਾਧ ਨੂੰ ਮੁਆਫੀ ਦਿਵਾਈ ਗਈ ਤਾਂ ਉਸ ਸਮੇਂ ਮੈਂ ਬਹੁਤ ਵਿਰੋਧ ਜਿਤਾਇਆ ਸੀ ਪਰ ਪਾਰਟੀ ਪ੍ਰਧਾਨ ਨੇ ਕਿਸੇ ਦੀ ਸੁਣੀ ਨਹੀਂ ਜਿਸ ਕਰਕੇ ਲੋਕਾਂ ਨੇ ਬਾਦਲ ਦਲ ਨੂੰ ਬੁਰੀ ਤਰ੍ਹਾਂ ਨਕਾਰ ਦਿੱਤਾ। ਅੱਗੇ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਬਹੁਤ ਸੂਝਵਾਨ ਤੇ ਸਿਆਣੇ ਜਿੰਨੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਲੋਕ ਸਭਾ ਦੀਆਂ ਚੋਣਾਂ ਵਿਚ ਵੱਡੀ ਲੀਡ ਨਾਲ ਜਿਤਾਇਆ ਹੈ ਤੇ ਉਸ ਸਮੇਂ ਅਕਾਲੀ ਦਲ ਬਾਦਲ ਨੂੰ ਆਪਣਾ ਉਮੀਦਵਾਰ ਚੋਣ ਮੈਦਾਨ ਵਿਚ ਨਹੀਂ ਸੀ ਉਤਾਰਨਾ ਚਾਹੀਦਾ ਇਹ ਦਿਖਾਵਾ ਪੰਥਕ ਹੋਣ ਦਾ ਕਰਦੇ ਹਨ ਪਰ ਅੰਦਰਖਾਤੇ ਸੱਤਾ ਤੇ ਕਾਬਜ਼ ਹੋਣਾ ਮੁੱਖ ਮੰਤਵ ਹੈ।

ਉਨ੍ਹਾਂ ਨੇ ਕਿਹਾ ਲੋਕ ਸਮਝ ਚੁੱਕੇ ਹਨ ਕਿ ਪੰਜਾਬ ਦਾ ਭਲਾ ਤਾਂ ਹੀ ਹੋ ਸਕਦਾ ਹੈ ਜੇਕਰ ਭਾਈ ਅੰਮ੍ਰਿਤਪਾਲ ਸਿੰਘ ਵਰਗੇ ਚੰਗੀ ਸੋਚ ਅਤੇ ਵਧੀਆ ਚਿਹਰੇ ਅੱਗੇ ਆਉਣਗੇ। ਮੌਜੂਦਾ ਸਰਕਾਰ ਵੀ ਬੁਰੀ ਤਰ੍ਹਾਂ ਫਲਾਪ ਸਾਬਤ ਹੋਈ ਹੈ ਜਿੰਨਾਂ ਤੇ ਲੋਕਾਂ ਨੇ ਵੱਡਾ ਭਰੋਸਾ ਕਰਕੇ ਜਿਤਾਇਆ ਸੀ, ਉਹ ਲੋਕ ਹੁਣ ਪਛਤਾਵਾ ਕਰ ਰਹੇ ਹਨ। ਬਿੱਟਾ ਨੇ ਕਿਹਾ ਕਿ ਲੋਕਾਂ ਦੀ ਪਹਿਲੀ ਪਸੰਦ ਭਾਈ ਅੰਮ੍ਰਿਤਪਾਲ ਸਿੰਘ ਬਣ ਚੁੱਕੇ ਜੋ ਪੰਜਾਬ ਦੇ ਭਲੇ ਕੰਮ ਕਰਨਾ ਚਾਹੁੰਦੇ ਹਨ ਜਿੰਨਾਂ ਨੂੰ ਕੇਂਦਰ ਤੇ ਪੰਜਾਬ ਸਰਕਾਰ ਨੇ ਜਾਣ ਬੁੱਝ ਕੇ ਅਸਾਮ ਦੀ ਜੇਲ ਵਿਚ ਨਜ਼ਾਇਜ਼ ਢੰਗ ਨਾਲ ਐਨ.ਐਸ.ਏ. ਲਗਾ ਕੇ ਰੱਖਿਆ ਹੋਇਆ ਹੈ। ਇੰਨਾਂ ਨੂੰ ਡਰ ਹੈ ਕਿ ਜਦੋਂ ਭਾਈ ਸਾਹਿਬ ਨੂੰ ਰਿਹਾਅ ਕੀਤਾ ਤਾਂ ਵੱਡੀ ਲੋਕ ਲਹਿਰ ਉੱਠੇਗੀ ਜੋ ਬਾਕੀ ਸਭ ਪਾਰਟੀ ਨੂੰ ਬੁਰੀ ਤਰ੍ਹਾਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਹਰਾ ਦੇਵੇਗੀ। ਏਸੇ ਦੇ ਚਲਦਿਆਂ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਲੋਕ ਬਸ ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਇੰਤਜ਼ਾਰ ਕਰ ਰਹੇ ਹਨ ਜਿਸ ਵਿਚ ਵਾਰਿਸ ਪੰਜਾਬ ਦੇ ਪਾਰਟੀ ਵੱਡੀ ਪਾਰਟੀ ਬਣ ਕਿ ਉਭਰੇਗੀ ਤੇ ਸੱਤਾ ਵਿਚ ਆਵੇਗੀ।ਇਸ ਮੌਕੇ ਜੋਹਲ, ਸੁਖਚੈਨ ਸਿੰਘ, ਮੇਜਰ ਸਿੰਘ, ਪ੍ਰਗਟ ਸਿੰਘ, ਜਸਵਿੰਦਰ ਸਿੰਘ ਬਾਦਲ, ਸ਼ਰਨਜੀਤ ਸਿੰਘ, ਆਦਿ ਹਾਜ਼ਰ ਸਨ।

## ਆਟੋ ਰਿਕਸ਼ਿਆਂ 'ਤੇ ਸਮਰੱਥਾ ਤੋਂ ਵੱਧ ਸਕੂਲੀ ਬੱਚੇ ਬਿਠਾਉਣ 'ਤੇ ਪਾਬੰਦੀ

ਰਣਜੀਤ ਸਿੰਘ ਮਸੌਣ ਰਾਘਵ ਅਰੋੜਾ ਅੰਮ੍ਰਿਤਸਰ, 10 ਅਕਤੂਬਰ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਸ੍ਰੀ ਰੋਹਿਤ ਗੁਪਤਾ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਬੀ.ਐਨ.ਐਸ.ਐਸ. ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਜਿਲ੍ਹਾ ਅੰਮ੍ਰਿਤਸਰ ਵਿੱਚ ਕੋਈ ਵੀ ਵਾਹਨ/ਆਟੋ-ਰਿਕਸ਼ਾ ਚਾਲਕ ਸਮਰੱਥਾ ਤੋਂ ਵੱਧ ਬੱਚਿਆਂ ਨੂੰ ਸਕੂਲ ਵਿੱਚ ਲੈ ਕੇ ਨਹੀਂ ਜਾਵੇਗਾ। ਸਮੂਹ ਸਕੂਲਾਂ ਦੇ ਪ੍ਰਿੰਸੀਪਲ/ਹੈਡਮਾਸਟਰ ਇਹ ਯਕੀਨੀ ਬਣਾਉਣਗੇ ਕਿ ਉਹ ਆਪਣੇ ਪੱਧਰ 'ਤੇ ਮਾਪਿਆਂ ਨੂੰ ਇਸ ਸਬੰਧੀ ਜਾਗਰੂਕ ਕਰਨਗੇ। ਹੁਕਮਾਂ ਵਿੱਚ ਕਿਹਾ ਗਿਆ ਹੈ ਇਹ ਧਿਆਨ ਵਿੱਚ ਆਇਆ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸਕੂਲਾਂ ਨੂੰ ਜਾਣ ਵਾਲੇ ਵਾਹਨ/ਆਟੋ ਰਿਕਸ਼ਾ ਵਾਲੇ ਸਮਰੱਥਾ ਤੋਂ ਵੱਧ ਬੱਚਿਆਂ ਨੂੰ ਸਕੂਲ ਵਿੱਚ ਲੈ ਕੇ ਜਾਂਦੇ ਹਨ, ਜਿਸ ਨਾਲ ਆਵਾਜਾਈ ਸਮੱਸਿਆ ਪੈਂਦਾ ਹੋਣ ਤੋਂ ਇਲਾਵਾ ਹਾਦਸਿਆਂ ਦਾ ਵੀ ਖ਼ਤਰਾ ਬਣਿਆ ਰਹਿੰਦਾ ਹੈ।

ਇਹ ਪਾਬੰਦੀ ਦਾ ਹੁਕਮ 6 ਜਨਵਰੀ 2026 ਤੱਕ ਲਾਗੂ ਰਹੇਗਾ।

## ਆਧੁਨਿਕ ਭਾਰਤ ਦੇ ਨਿਰਮਾਤਾ ਪੰਡਿਤ ਜਵਾਹਰ ਲਾਲ ਨਹਿਰੂ ਦੀ ਭਾਰਤ ਨੂੰ ਦੇਣ ਵਿਸ਼ੇ 'ਤੇ 14 ਨਵੰਬਰ ਨੂੰ ਹੋਵੇਗੀ ਵਿਸ਼ੇਸ਼ ਵਿਚਾਰ ਗੋਸ਼ਟੀ- ਬਾਵਾ

### ਕਿਹਾ- ਨਹਿਰੂ ਜੀ ਵੱਲੋਂ ਲਿਖੀਆਂ ਪੁਸਤਕਾਂ ਉਹਨਾਂ ਦੀ ਆਧੁਨਿਕ ਭਾਰਤ ਪ੍ਰਤੀ ਸੋਚ ਦਾ ਪ੍ਰਤੀਕ



ਲੁਧਿਆਣਾ10 ਅਕਤੂਬਰ (ਕਰਨੈਲ ਸਿੰਘ ਐੱਮ. ਏ.)- ਆਧੁਨਿਕ ਭਾਰਤ ਦੇ ਨਿਰਮਾਤਾ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਭਾਰਤ ਨੂੰ ਦੇਣ ਵਿਸ਼ੇ 'ਤੇ ਹੋਵੇਗੀ ਵਿਸ਼ੇਸ਼ ਵਿਚਾਰ ਗੋਸ਼ਟੀ। ਇਹ ਜਾਣਕਾਰੀ ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਜੋ ਕੁਲ ਹਿੰਦ ਕਾਂਗਰਸ ਦੇ (ਓ.ਬੀ.ਸੀ) ਵਿਭਾਗ ਦੇ ਕੋਆਰਡੀਨੇਟਰ ਇੰਚਾਰਜ ਹਿਮਾਚਲ ਪ੍ਰਦੇਸ਼ ਹਨ, ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਿੱਤੀ। ਉਨ੍ਹਾਂ ਕਿਹਾ ਕਿ ਇਸ ਵਿਚਾਰ ਗੋਸ਼ਟੀ ਸਮਾਗਮ ਦਾ ਆਯੋਜਨ ਲੁਧਿਆਣਾ ਦੇ ਦੱਖਣੀ ਹਲਕੇ ਵਿੱਚ ਕੀਤਾ ਜਾਵੇਗਾ।

ਸ੍ਰੀ ਬਾਵਾ ਨੇ ਕਿਹਾ ਕਿ ਪੰਡਿਤ ਜਵਾਹਰ ਲਾਲ ਨਹਿਰੂ ਦੀ ਹੀ ਦੇਣ ਹੈ ਜੋ ਭਾਖੜਾ ਡੈਮ ਬਣਿਆ, ਬਿਜਲੀ ਆਈ, ਇੰਡਸਟਰੀ ਖੇਤੀ ਪ੍ਰਫੁੱਲਿਤ ਹੋਈ, ਘਰਾਂ ਵਿੱਚ ਲਾਟੂ ਜਗਮਗਾਏ ਅਤੇ ਉਹਨਾਂ ਦੀ ਹੀ ਦੇਣ ਹੈ ਖੇਤੀਬਾੜੀ ਯੂਨੀਵਰਸਟੀ ਲੁਧਿਆਣਾ ਜੋ ਕਣਕ ਇੱਕ ਏਕੜ ਵਿੱਚੋਂ 1960-62 ਵਿੱਚ ਤਿੰਨ ਕੁਇੰਟਲ ਹੁੰਦੀ ਸੀ ਉਸ ਦੀ ਪੈਦਾਵਾਰ ਨਵੇਂ ਬੀਜ ਆਉਣ ਨਾਲ 25 ਕੁਇੰਟਲ ਪ੍ਰਤੀ ਏਕੜ ਤੱਕ ਪੁੱਜੀ। ਸਭ ਨਹਿਰੂ ਜੀ ਦੀ ਅਗਾਹ ਵਧੂ ਸੋਚ ਦਾ ਨਤੀਜਾ ਹੈ।

ਬਾਵਾ ਨੇ ਕਿਹਾ ਕਿ ਉਹਨਾਂ ਕਾਂਗਰਸ ਪ੍ਰਧਾਨ ਅਤੇ ਰਾਹੁਲ ਗਾਂਧੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ 2026 ਦਾ ਸਾਲ ਨਹਿਰੂ ਦੇ ਨਾਮ ਕਰਦੇ ਹੋਏ ਉਹਨਾਂ ਦੀ ਆਧੁਨਿਕ ਭਾਰਤ ਨੂੰ ਦੇਣ ਦੇ ਵਿਸ਼ੇ 'ਤੇ ਸਮਾਗਮ ਆਯੋਜਿਤ ਕੀਤੇ ਜਾਣ। ਉਹਨਾਂ ਦੀਆਂ ਪੁਸਤਕਾਂ ਡਿਸਕਵਰੀ ਆਫ ਇੰਡੀਆ (Discovery of India), ਐਨ ਆਟੋਬਾਇਓਗਰਾਫੀ (An Autobiography), ਲੈਟਰਸ ਫਰੌਮ ਏ ਫਾਦਰ ਟੂ ਹਿਜ਼ ਡੌਟਰ (Letters from a Father to His Daughter) ਜੋ ਜ਼ੇਲ੍ਹ ਤੋਂ ਨਹਿਰੂ ਜੀ ਨੇ ਇੰਦਰਾ ਗਾਂਧੀ ਦੇ ਨਾਮ ਚਿੱਠੀਆਂ ਲਿਖੀਆਂ ਸਨ, ਇਸ ਦਾ ਤਰਜਮਾ ਕਰਵਾ ਕੇ ਹੇਠਲੇ ਪੱਧਰ ਤੱਕ ਪੁਸਤਕਾਂ ਪਹੁੰਚਾਈਆਂ ਜਾਣ।

## ਪੰਥ ਰਤਨ ਭਾਈ ਜਸਬੀਰ ਸਿੰਘ ਖ਼ਾਲਸਾ ਦੀ ਯਾਦ ਨੂੰ ਸਮਰਪਿਤ ਸਲਾਨਾ ਗੁਰਮਤਿ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਆਯੋਜਿਤ ਕੀਤਾ ਜਾਵੇਗਾ- ਮੱਕੜ, ਖਾਲਸਾ





ਲੁਧਿਆਣਾ 10 ਅਕਤੂਬਰ ( ਕਰਨੈਲ ਸਿੰਘ ਐੱਮ.ਏ.) ਪੰਥ ਰਤਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲਿਆਂ ਦੀ ਯਾਦ ਨੂੰ ਸਮਰਪਿਤ ਪੰਥ ਰਤਨ ਭਾਈ ਜਸਬੀਰ ਸਿੰਘ ਖਾਲਸਾ (ਖੰਨੇ ਵਾਲੇ) ਚੈਰੀਟੇਬਲ ਟਰੱਸਟ ਵੱਲੋਂ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਐਕਸਟੈਨਸ਼ਨ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਖੇ ਤਿੰਨ ਰੋਜ਼ਾ ਸਲਾਨਾ ਗੁਰਮਤਿ ਸਮਾਗਮ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਆਯੋਜਿਤ ਕੀਤਾ ਜਾਵੇਗਾ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰ: ਇੰਦਰਜੀਤ ਸਿੰਘ ਮੱਕੜ ਪ੍ਰਧਾਨ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਤੇ ਗੁਰਮਤਿ ਸਮਾਗਮ ਦੇ ਮੁੱਖ ਪ੍ਰਬੰਧਕ ਸ੍ਰ: ਹਰਪਾਲ ਸਿੰਘ ਖਾਲਸਾ ਨੇ ਅੱਜ ਸਾਂਝੇ ਤੌਰ ਤੇ ਗੁਰਮਤਿ ਸਮਾਗਮ ਦਾ ਪੋਸਟਰ ਸੰਗਤ ਅਰਪਿਤ ਕਰਨ ਮੌਕੇ ਕੀਤਾ । ਇਸ ਦੌਰਾਨ ਸ੍ਰ: ਇੰਦਰਜੀਤ ਸਿੰਘ ਮੱਕੜ ਨੇ ਜਾਣਕਾਰੀ ਦੇਂਦਿਆਂ ਹੋਇਆਂ ਕਿਹਾ ਕਿ ਮਿਤੀ 14,15 ਤੇ 16 ਅਕਤੂਬਰ ਨੂੰ ਆਯੋਜਿਤ ਹੋਣ ਵਾਲੇ ਤਿੰਨ ਰੋਜ਼ਾ ਸਲਾਨਾ ਗੁਰਮਤਿ ਸਮਾਗਮ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀ ਜੱਥੇ ਜਿਨ੍ਹਾਂ ਵਿੱਚ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਲਖਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਸੁਭਦੀਪ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ, ਭਾਈ ਰਾਇ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਤਰਨਵੀਰ ਸਿੰਘ ਰੱਬੀ, ਭਾਈ ਸੰਜਮਪ੍ਰੀਤ ਸਿੰਘ ਆਪਣੇ ਜੱਥਿਆਂ ਸਮੇਤ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ, ਉੱਥੇ ਸੰਤ ਬਾਬਾ ਅਮੀਰ ਸਿੰਘ ਜੀ ਮੁੱਖੀ ਜਵੱਦੀ ਟਕਸਾਲ, ਸਿੱਖ ਵਿਦਵਾਨ ਗਿਆਨੀ ਜਸਵੰਤ ਸਿੰਘ ਪਰਵਾਨਾ ਗੁਰਬਾਣੀ ਦੀ ਕਥਾ ਤੇ ਗੁਰਮਤਿ ਵਿਚਾਰਾਂ ਦੀ ਸਾਂਝ ਸੰਗਤਾਂ ਦੇ ਨਾਲ ਕਰਨਗੇ ।ਇਸ ਦੌਰਾਨ ਗੁਰਮਤਿ ਸਮਾਗਮ ਦੇ ਮੁੱਖ ਪ੍ਰਬੰਧਕ ਸ੍ਰ: ਹਰਪਾਲ ਸਿੰਘ ਖਾਲਸਾ ਨੇ ਦੱਸਿਆ ਕਿ ਆਯੋਜਿਤ ਕੀਤੇ ਜਾਣ ਵਾਲੇ ਤਿੰਨ ਰੋਜ਼ਾ ਸਮਾਗਮ ਅੰਦਰ ਪੰਥ ਪ੍ਰਚਾਰਕ ਮਾਤਾ ਵਿਪਨਪ੍ਰੀਤ ਕੌਰ, ਪ੍ਰਸਿੱਧ ਸਿੱਖ ਵਿਦਵਾਨ ਭਾਈ ਭਗਵਾਨ ਸਿੰਘ ਜੌਹਲ ਸਮੇਤ ਕਈ ਪ੍ਰਮੁੱਖ ਸਿੱਖ ਸ਼ਖਸੀਅਤਾਂ ਵਿਸੇਸ਼ ਤੌਰ ਤੇ ਆਪਣੀਆਂ ਹਾਜ਼ਰੀਆਂ ਭਰਨਗੀਆਂ ।

ਉਨ੍ਹਾਂ ਨੇ ਲੁਧਿਆਣੇ ਸ਼ਹਿਰ ਅਤੇ ਆਸ-ਪਾਸ ਦੇ ਇਲਾਕੇ ਦੀਆਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਪੰਥ ਰਤਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲਿਆਂ ਦੀ ਯਾਦ ਵਿੱਚ ਆਯੋਜਿਤ ਕੀਤੇ ਜਾ ਰਹੇ ਗੁਰਮਤਿ ਸਮਾਗਮ ਵਿੱਚ ਆਪਣੀਆਂ ਹਾਜ਼ਰੀਆਂ ਭਰ ਕੇ ਭਾਈ ਸਾਹਿਬ ਨੂੰ ਆਪਣਾ ਸਿੱਜਦਾ ਤੇ ਸਤਿਕਾਰ ਅਰਪਿਤ ਕਰਨ ।

# ਹਰਿਆਣਾ ਦੇ ਏਡੀਜੀਪੀ ਸ੍ਰੀ ਪੂਰਨ ਕੁਮਾਰ ਵੱਲੋ ਕੀਤੀ ਖੁਦਕਸ਼ੀ ਦੀ ਉੱਚ ਪੱਧਰੀ ਜਾਂਚ ਹੋਵੇ , ਦੋਸ਼ੀ ਭਾਵੇ ਕਿੰਨੇ ਵੀ ਉੱਚ ਅਹੁਦੇ ਤੇ ਕਿਉਂ ਹੋਵੇ ਕਾਨੂੰਨ ਅਨੁਸਾਰ ਸਜ਼ਾ ਮਿਲੇ : ਮਾਨ



ਨਵੀਂ ਦਿੱਲੀ, 10 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):- "ਇਕ ਆਈ.ਪੀ.ਐਸ ਰੈਕ ਦੇ ਹਰਿਆਣੇ ਦੇ ਉੱਚ ਅਫਸਰ ਸ੍ਰੀ ਪੂਰਨ ਕੁਮਾਰ ਵੱਲੋ ਜੋ 2 ਦਿਨ ਪਹਿਲੇ ਖੁਦਕਸੀ ਕੀਤੀ ਗਈ ਹੈ, ਉਸ ਦੁਖਾਂਤ ਵਿਚ ਹਰਿਆਣੇ ਨਾਲ ਸੰਬੰਧਤ ਕਈ ਆਈ.ਏ.ਐਸ ਅਤੇ ਪੁਲਿਸ ਅਫਸਰਾਂ ਦੇ ਨਾਮ ਪ੍ਰਤੱਖ ਰੂਪ ਵਿਚ ਸਾਹਮਣੇ ਆ ਰਹੇ ਹਨ, ਕਿਉਂਕਿ ਕੁਝ ਅਫਸਰਾਨ ਵੱਲੋ ਸ੍ਰੀ ਪੂਰਨ ਕੁਮਾਰ ਨੂੰ ਕੁਝ ਸਮੇ ਤੋ ਗਲਤ ਢੰਗ-ਤਰੀਕਿਆ ਰਾਹੀ ਵੱਡੇ ਪ੍ਰੇਸ਼ਾਨ ਅਤੇ ਮਾਨਸਿਕ ਪੀੜ੍ਹਾ ਦਿੱਤੀ ਜਾ ਰਹੀ ਸੀ । ਇਹ ਹੋਰ ਵੀ ਦੁੱਖ ਅਤੇ ਅਫਸੋਸ ਵਾਲੀ ਕਾਰਵਾਈ ਹੈ ਕਿ ਉਨ੍ਹਾਂ ਨੂੰ ਇਕ ਦਲਿਤ ਅਫਸਰ ਹੋਣ ਦੀ ਬਦੌਲਤ ਜਾਤੀਵਾਦ ਅਤੇ ਨਸਲਵਾਦ ਦੀ ਨਫਰਤ ਭਰੀ ਸੋਚ ਅਧੀਨ ਇਹ ਮਾਨਸਿਕ ਤਸ਼ੱਦਦ ਢਾਹਿਆ ਜਾ ਰਿਹਾ ਸੀ । ਜਿਸਨੇ ਉਨ੍ਹਾਂ ਨੂੰ ਇਸ ਦੁਖਾਂਤ ਵੱਲ ਧਕੇਲਣ ਲਈ ਮਜਬੂਰ ਕੀਤਾ । ਇਸ ਸੰਬੰਧ ਵਿਚ ਉਨ੍ਹਾਂ ਨੇ ਦੋਸ਼ੀ ਅਫਸਰਾਨ ਵਿਰੁੱਧ ਪਟੀਸਨ ਵੀ ਪਾਈ ਹੋਈ ਸੀ । ਲੇਕਿਨ ਹਕੂਮਤੀ ਅਤੇ ਕਾਨੂੰਨੀ ਪੱਧਰ ਤੇ ਕੋਈ ਅਮਲ ਨਾ ਹੋਣ ਦੀ ਬਦੌਲਤ ਉਨ੍ਹਾਂ ਦੇ ਮਨ-ਆਤਮਾ ਉਤੇ ਇਸ ਘਟਨਾ ਦਾ ਵੱਡਾ ਬੋਝ ਸੀ । ਜਿਸ ਕਾਰਨ ਹਾਲਾਤਾਂ ਨੇ ਉਨ੍ਹਾਂ ਨੂੰ ਖੁਦਕਸੀ ਵੱਲ ਧਕੇਲਿਆ । ਇਸ ਲਈ ਇਹ ਜਰੂਰੀ ਹੈ ਕਿ ਇਕ ਦਲਿਤ ਉੱਚ ਅਫਸਰ ਨਾਲ ਬਹੁਗਿਣਤੀ ਨਾਲ ਸੰਬੰਧਤ ਕੁਝ ਅਫਸਰਾਂ ਵੱਲੋ ਕੀਤੀ ਜਾਂਦੀ ਆ ਰਹੀ ਜਿਆਦਤੀ ਦੀ ਬਦੌਲਤ ਹੋਈ ਖੁਦਕਸੀ ਦੀ ਉੱਚ ਪੱਧਰੀ ਜਾਂਚ ਹੋਵੇ ਅਤੇ ਜੋ ਵੀ ਆਈ.ਏ.ਐਸ ਜਾਂ ਆਈ.ਪੀ.ਐਸ ਅਫਸਰਾਨ ਇਸ ਦੁਖਾਂਤ ਵਿਚ ਸਾਮਿਲ ਹਨ, ਉਨ੍ਹਾਂ ਨੂੰ ਫੌਰੀ ਕਾਨੂੰਨ ਅਨੁਸਾਰ ਬਣਦੀ ਸਜ਼ਾ ਦੇਣ ਦਾ ਪ੍ਰਬੰਧ ਹੋਵੇ ਤਾਂ ਕਿ ਕੋਈ ਵੀ ਅਫਸਰ ਸਮਾਜ ਵਿਚ ਘੱਟ ਗਿਣਤੀ ਕੌਮਾਂ ਤੇ ਬਹੁਗਿਣਤੀ ਕੌਮਾਂ ਵਿਚ ਨਫਰਤ ਪੈਦਾ ਕਰਨ ਅਤੇ ਨਸਲਵਾਦ ਦੀ ਸੋਚ ਨੂੰ ਬੁੜ੍ਹਾਵਾ ਦੇਣ ਦੀ ਗੁਸਤਾਖੀ ਨਾ ਕਰ ਸਕੇ ਅਤੇ ਕਿਸੇ ਵੀ ਇਨਸਾਨ ਨੂੰ ਇਸ ਤਰ੍ਹਾਂ ਆਪਣੀ ਜਿੰਦਗੀ ਤੋ ਹੱਥ ਧੋਣ ਲਈ ਮਜਬੂਰ ਨਾ ਹੋਣਾ ਪਵੇ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਰਿਆਣੇ ਦੇ ਇਕ ਦਲਿਤ ਆਈ.ਪੀ.ਐਸ ਅਫਸਰ ਨਾਲ ਕੁਝ ਗਲਤ ਸੋਚ ਵਾਲੇ ਅਫਸਰਾਂ ਵੱਲੋ ਕੀਤੀ ਜਿਆਦਤੀ ਉਪਰੰਤ ਹੋਈ ਖੁਦਕਸ਼ੀ ਦੀ ਨਿਰਪੱਖਤਾ ਨਾਲ ਜਾਂਚ ਕਰਵਾਉਣ ਅਤੇ ਦੋਸ਼ੀ ਨੂੰ ਫੌਰੀ ਬਣਦੀ ਸਜ਼ਾ ਦਿਵਾਉਣ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਹਿੰਦੂਤਵ ਸੋਚ ਵਾਲੇ ਆਪਣੇ ਆਪ ਨੂੰ ਆਰੀਅਨ ਅਖਵਾਕੇ ਉੱਚ ਦਰਜੇ ਦੇ ਮੰਨਦੇ ਹਨ ਅਤੇ ਦੂਸਰੀਆ ਕੌਮਾਂ ਨਾਲ ਸੰਬੰਧਤ ਨਿਵਾਸੀਆ ਨੂੰ ਹਰ ਸਮੇ ਨਸਲਵਾਦੀ, ਫਿਰਕੂ ਸੋਚ ਰਾਹੀ ਨਿਸ਼ਾਨਾਂ ਬਣਾਉਣ ਅਤੇ ਨੀਵਾ ਦਿਖਾਉਣ ਦੇ ਸਮਾਜ ਵਿਰੋਧੀ ਦੁੱਖਦਾਇਕ ਅਮਲ ਉਤੇ ਕਰਦੇ ਆ ਰਹੇ ਹਨ ਜਿਵੇ ਨਾਜੀ ਆਰੀਅਨ ਉੱਚ ਦਰਜੇ ਦੇ ਅਖਵਾਕੇ ਦੂਜਿਆ ਨੂੰ ਗੈਰ ਚੈਬਰਾਂ ਵਿਚ ਅਣਮਨੁੱਖੀ ਢੰਗਾਂ ਰਾਹੀ ਤਸ਼ੱਦਦ ਕਰਕੇ ਖਤਮ ਕਰ ਦਿੰਦੇ ਸਨ । ਸ. ਮਾਨ ਨੇ ਸ੍ਰੀ ਪੂਰਨ ਕੁਮਾਰ ਦੀ ਹੋਈ ਦੁਖਾਂਤਿਕ ਮੌਤ ਉਤੇ ਉਨ੍ਹਾਂ ਦੀ ਸਪਤਨੀ ਅਮਨੀਤ ਪੂਰਨ ਕੁਮਾਰ ਜੋ ਖੁਦ ਵੀ ਇਕ ਆਈ.ਏ.ਐਸ ਅਫਸਰ ਹਨ ਉਨ੍ਹਾਂ ਨਾਲ ਦੁੱਖ ਦੀ ਘੜੀ ਵਿਚ ਹਮਦਰਦੀ ਪ੍ਰਗਟ ਕਰਦੇ ਹੋਏ ਉਸ ਅਕਾਲ ਪੁਰਖ ਦੇ ਚਰਨਾਂ ਵਿਚ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਵੀ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸ ਹੋਏ ਜ਼ਬਰ ਵਿਰੁੱਧ ਆਪਣੀ ਜਿੰਮੇਵਾਰੀ ਸਮਝਕੇ ਇਨਸਾਫ਼ ਮਿਲਣ ਤੱਕ ਆਵਾਜ ਬੁਲੰਦ ਕਰਦਾ ਰਹੇਗਾ ।

# ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਨੂੰ ਸਮਰਪਿਤ 13ਵਾਂ ਮਹਾਨ ਕੀਰਤਨ ਦਰਬਾਰ ਅੱਜ ਸਿੱਖ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ ਤੇ ਕਥਾਵਾਚਕ ਵਿਦਵਾਨ ਸੰਗਤਾਂ ਨੂੰ ਨਿਹਾਲ ਕਰਨਗੇ



ਅੰਮ੍ਰਿਤਸਰ, 11 ਅਕਤੂਬਰ (ਗੁਰਪ੍ਰੀਤ ਸਿੰਘ ਡੱਬ) – ਨਾਮ ਸਿਮਰਨ ਸੇਵਕ ਸਭਾ ਅੰਮ੍ਰਿਤਸਰ ਵੱਲੋਂ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿੱਤਰ ਗੁਰਪੁਰਬ ਦੇ ਸੰਬੰਧ ਵਿੱਚ 13ਵਾਂ ਮਹਾਨ ਕੀਰਤਨ ਦਰਬਾਰ ਅੱਜ ਸ੍ਰੀ ਅੰਮ੍ਰਿਤਸਰ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਸਮਾਗਮ ਅੱਜ ਦੁਪਹਿਰ 2 ਵਜੇ ਤੋਂ ਰਾਤ 12 ਵਜੇ ਤੱਕ ਤੇਜ ਨਗਰ ਚੌਂਕ, ਸੁਲਤਾਨਵਿੰਡ ਰੋਡ ਵਿਖੇ ਸਜਾਇਆ ਜਾਵੇਗਾ।ਇਸ ਮਹਾਨ ਕੀਰਤਨ ਦਰਬਾਰ ਵਿੱਚ ਸਿੱਖ ਪੰਥ ਦੇ ਵਿਸ਼ਵ ਪ੍ਰਸਿੱਧ ਕੀਰਤਨੀ ਜਥੇ ਅਤੇ ਕਥਾਵਾਚਕ ਵਿਦਵਾਨ ਆਪਣੀ ਰੂਹਾਨੀ ਬਾਣੀ ਅਤੇ ਗਿਆਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸਮਾਗਮ ਵਿੱਚ ਖਾਸ ਤੌਰ 'ਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਬੀਬੀ ਕੌਲਾਂ ਵਾਲੇ, ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲੇ, ਕਥਾਵਾਚਕ ਗਿਆਨੀ ਚਮਕੌਰ ਸਿੰਘ ਧੁੰਨ, ਭਾਈ ਸੁੱਖਬੀਰ ਸਿੰਘ ਸਾਜ਼ ਅੰਮ੍ਰਿਤਸਰ ਵਾਲੇ, ਭਾਈ ਇੰਦਰਪ੍ਰੀਤ ਸਿੰਘ ਨਾਗੋਕੇ ਸ਼ਾਮਲ ਹੋਣਗੇ। ਇਹ ਸਭ ਸੰਗਤਾਂ ਨੂੰ ਗੁਰਬਾਣੀ ਰਾਹੀਂ ਅੰਦਰੂਨੀ ਸ਼ਾਂਤੀ ਤੇ ਆਤਮਕ ਆਨੰਦ ਦੀ ਪ੍ਰਾਪਤੀ ਕਰਵਾਉਣਗੇ।ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਸਮਾਜਿਕ ਸੰਸਥਾ ਦੇ ਪ੍ਰਧਾਨ ਸ. ਸਰਬਜੀਤ ਸਿੰਘ ਨੇ ਸ਼ਹਿਰ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਸਾਂਝੀਆਂ ਕਰਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਪਵਿੱਤਰ ਗੁਰਪੁਰਬ 'ਤੇ ਇਹ ਸਮਾਗਮ ਸਿਰਫ਼ ਰੂਹਾਨੀ ਉਤਸ਼ਾਹ ਦਾ ਮੌਕਾ ਨਹੀਂ, ਸਗੋਂ ਸਾਂਝ, ਸੇਵਾ ਅਤੇ ਸਿਮਰਨ ਦੀ ਪ੍ਰੇਰਣਾ ਵੀ ਦੇਵੇਗਾ।ਇਸ ਅਵਸਰ 'ਤੇ ਗੁਰੂ ਦਾ ਅਤੁਟ ਲੰਗਰ ਵੀ ਵਰਤਾਇਆ ਜਾਵੇਗਾ ਜਿਸ ਵਿੱਚ ਸਾਰੀਆਂ ਸੰਗਤਾਂ ਨਿਵਾਜ਼ੀ ਜਾਣਗੀਆਂ। ਪ੍ਰਬੰਧਕ ਕਮੇਟੀ ਵਿੱਚ ਹੈਡ ਗ੍ਰੰਥੀ ਰਣਜੀਤ ਸਿੰਘ, ਖਜਾਨਚੀ ਗੁਰਪ੍ਰੀਤ ਸਿੰਘ, ਮੁੱਖ ਸਲਾਹਕਾਰ ਜੱਜ ਸਿੰਘ, ਦਵਿੰਦਰ ਸਿੰਘ, ਅਵਤਾਰ ਸਿੰਘ, ਤਜਿੰਦਰ ਸਿੰਘ, ਸਰਬਜੀਤ ਸਿੰਘ ਰਿੰਕੂ, ਕੁਲਬੀਰ ਸਿੰਘ, ਅੰਮ੍ਰਿਤਪਾਲ ਸਿੰਘ, ਰਮਿੰਦਰ ਸਿੰਘ, ਹਰਪਾਲ ਸਿੰਘ, ਇੰਦਰਜੀਤ ਸਿੰਘ, ਗੁਰਅਸੀਸ ਸਿੰਘ, ਜੋਗਿੰਦਰ ਸਿੰਘ, ਅਮਨਪ੍ਰੀਤ ਸਿੰਘ, ਲਵਪ੍ਰੀਤ ਕੌਰ, ਪ੍ਰਭਪ੍ਰੀਤ ਕੌਰ, ਸਰਗੁਨ ਕੌਰ ਅਤੇ ਰਖਵੰਤ ਸਿੰਘ ਆਦਿ ਮੈਂਬਰਾਂ ਨੇ ਹਾਜ਼ਰੀ ਭਰੀ।

ਸੰਗਤਾਂ ਵਿੱਚ ਇਸ ਮਹਾਨ ਕੀਰਤਨ ਦਰਬਾਰ ਨੂੰ ਲੈ ਕੇ ਗਹਿਰਾ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਗੁਰੂ ਰਾਮਦਾਸ ਜੀ ਦੇ ਗੁਰਪੁਰਬ ਮੌਕੇ ਹਰ ਸਾਲ ਕਰਵਾਏ ਜਾਣ ਵਾਲੇ ਸਮਾਗਮਾਂ ਨੇ ਨਾ ਸਿਰਫ਼ ਅੰਮ੍ਰਿਤਸਰ ਸ਼ਹਿਰ ਦੀ ਧਾਰਮਿਕ ਵਿਰਾਸਤ ਨੂੰ ਮਜ਼ਬੂਤ ਕੀਤਾ ਹੈ ਸਗੋਂ ਨਵੀਂ ਪੀੜ੍ਹੀ ਨੂੰ ਵੀ ਗੁਰਮਤ ਨਾਲ ਜੋੜਨ ਵਿੱਚ ਯੋਗਦਾਨ ਪਾਇਆ ਹੈ।

ਸੰਗਤਾਂ ਦਾ ਮੰਨਣਾ ਹੈ ਕਿ ਗੁਰਬਾਣੀ ਕੀਰਤਨ ਤੇ ਕਥਾਵਾਂ ਰਾਹੀਂ ਰੂਹਾਨੀ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਇਹੀ ਕਾਰਨ ਹੈ ਕਿ ਹਰ ਵਰ੍ਹੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਭਾਈਚਾਰੇ ਨਾਲ-ਨਾਲ ਹੋਰ ਧਰਮਾਂ ਦੇ ਲੋਕ ਵੀ ਇਸ ਮਹਾਨ ਕੀਰਤਨ ਦਰਬਾਰ ਵਿੱਚ ਸ਼ਾਮਲ ਹੋਣ ਆਉਂਦੇ ਹਨ।

# ਰਾਜਸਥਾਨ ਦੇ ਗੁਰਦੁਆਰਾ ਸਾਹਿਬ 'ਚ ਆਰ.ਐਸ.ਐਸ ਦੇ ਗੁੰਡਿਆਂ ਵੱਲੋਂ ਹਮਲਾ ਕਰਕੇ ਨੌਜ਼ਵਾਨਾਂ ਨੂੰ ਜਖ਼ਮੀ ਕਰਨਾ ਸਿੱਖ ਕੌਮ ਨੂੰ ਵੱਡੀ ਚੁਣੌਤੀ- ਭਾਈ ਖਾਲਸਾ, ਭਾਈ ਧੂਰਕੋਟ

ਰਣਜੀਤ ਸਿੰਘ ਮਸੌਣ ਅੰਮ੍ਰਿਤਸਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਤੇ ਸੀਨੀਅਰ ਆਗੂ ਭਾਈ ਗੁਰਸੇਵਕ ਸਿੰਘ ਧੂਰਕੋਟ ਨੇ ਇੱਕ ਸਾਂਝੇ ਬਿਆਨ ਰਾਹੀਂ ਆਖਿਆ ਕਿ ਰਾਜਸਥਾਨ ਦੇ ਹਨੂੰਮਾਨਗੜ੍ਹ 'ਚ ਆਰ.ਆਰ.ਐਸ ਦੇ ਗੁੰਡਿਆਂ ਵੱਲੋਂ ਪੁਲਿਸ ਪ੍ਰਸ਼ਾਸਨ ਦੀ ਮੱਦਦ ਨਾਲ ਗੁਰਦੁਆਰਾ ਸਾਹਿਬ ਤੇ ਹਮਲਾ ਕਰਕੇ ਸੇਵਾਦਾਰ ਨੌਜ਼ਵਾਨਾਂ ਨੂੰ ਕੁੱਟ-ਕੁੱਟ ਕੇ ਜਖ਼ਮੀ ਕਰਨ ਵਾਲੀ ਦੁੱਖਦਾਈ ਘਟਨਾ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਅਤੇ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਬੇਨਤੀ ਕੀਤੀ ਉਹ ਰਾਜਸਥਾਨ ਸਰਕਾਰ ਦੇ ਭਾਜਪਾ ਮੁੱਖ ਮੰਤਰੀ ਨਾਲ ਇਸ ਘਟਨਾ ਸਬੰਧੀ ਗੱਲਬਾਤ ਕਰਕੇ ਸਬੰਧਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਦੀ ਲੋੜ ਤੇ ਜੋਰ ਦੇਣ। ਇਸ ਘਟਨਾ ਨਾਲ ਦੇਸ਼ਾਂ ਵਿਦੇਸ਼ਾਂ ਵਿੱਚ ਵੱਸ ਦੀਆਂ ਨਾਨਕ ਨਾਮ ਲੇਵਾ ਸੰਗਤਾਂ ਦੀਆਂ ਭਾਵਨਾਵਾਂ ਨੂੰ ਵੱਡੀ ਠੇਸ ਪਹੁੰਚੀ ਹੈ ਅਤੇ ਉਹ ਮੰਗ ਕਰ ਰਹੇ ਹਨ ਕਿ ਸਿੱਖ ਵਿਰੋਧੀ ਭਾਜਪਾ ਦੀਆਂ ਸੂਬਾ ਸਰਕਾਰਾਂ ਨੇ ਸਿੱਖ ਗੁਰਧਾਮਾਂ ਤੇ ਕਬਜ਼ੇ ਕਰਨ ਦੀ ਲਹਿਰ ਚਲਾਈ ਹੈ ਅਤੇ ਇਸੇ ਕੜੀ ਤਹਿਤ ਹਰਿਦਵਾਰ ਤੇ ਹੋਰ ਸੂਬਿਆਂ ਵਿੱਚ ਗੁਰੂ ਘਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਹੁਣ ਰਾਜਸਥਾਨ ਦੇ ਹਨੂੰਮਾਨਗੜ੍ਹ 'ਚ ਇੱਕ ਗੁਰਦੁਆਰੇ ਸਾਹਿਬ ਵਿਖੇ ਕਬਜ਼ਾ ਕਰਨ ਦੀ ਨੀਅਤ ਨਾਲ ਪੁਲਿਸ ਪ੍ਰਸ਼ਾਸਨ ਦੀ ਮੱਦਦ ਨਾਲ ਆਰ.ਐਸ.ਐਸ ਦੇ ਗੁੰਡਿਆਂ ਵੱਲੋਂ ਹਮਲਾ ਕੀਤਾ ਗਿਆ ਅਤੇ ਉੱਥੇ ਰਹਿ ਰਹੇ ਨੌਜ਼ਵਾਨ ਸਿੱਖਾਂ ਨੂੰ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਨੀਲ ਪਾ ਦਿੱਤੇ ਅਤੇ ਗੰਭੀਰ ਜ਼ਖਮੀ ਕਰ ਦਿੱਤਾ ਗਿਆ। ਜਦੋਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਜੇ ਤੱਕ ਇਸ ਸਿੱਖ ਵਿਰੋਧੀ ਕਾਰਵਾਈ ਕਰਨ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਵਿੱਚ ਬੁਰੀ ਤਰ੍ਹਾਂ ਅਸਫ਼ਲ ਸਿੱਧ ਹੋ ਰਹੀ ਹੈ।

ਭਾਈ ਖਾਲਸਾ ਤੇ ਭਾਈ ਧੂਰਕੋਟ ਨੇ ਬਿਆਨ ਵਿੱਚ ਸਪੱਸ਼ਟ ਕੀਤਾ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਜਸਥਾਨ ਦੇ ਹਨੂੰਮਾਨਗੜ੍ਹ ਵਿਖੇ ਗੁਰੂ ਘਰ ਤੇ ਹੋਏ ਹਮਲੇ ਤੇ ਸੇਵਾਦਾਰ ਨਾਲ ਕੁੱਟਮਾਰ ਕਰਨ ਵਾਲੇ ਆਰ.ਐਸ.ਐਸ ਦੇ ਗੁੰਡਿਆਂ ਨੂੰ ਗ੍ਰਿਫ਼ਤਾਰ ਕਰਵਾਉਣ ਵਿੱਚ ਬਹੁਤ ਬੁਰੀ ਤਰ੍ਹਾਂ ਅਸਫ਼ਲ ਨਜ਼ਰ ਆ ਰਹੀ ਹੈ। ਜਦੋਂ ਕਿ ਸਿੱਖ ਕੌਮ ਲਈ ਇਹ ਇੱਕ ਵੱਡਾ ਚੁਣੌਤੀ ਵਾਲਾ ਮਸਲਾ ਬਣ ਚੁੱਕਾ ਹੈ।

ਭਾਈ ਖਾਲਸਾ ਤੇ ਭਾਈ ਧੂਰਕੋਟ ਨੇ ਆਖਿਆਂ ਕਿ ਸਾਡੀ ਜੱਥੇਬੰਦੀ ਆਲ ਇੰਡੀਆਂ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿੱਥੇ ਇਸ ਘਟਨਾ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ, ਉੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਅਤੇ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਬੇਨਤੀ ਕਰਦੀ ਹੈ ਕਿ ਉਹ ਰਾਜਸਥਾਨ 'ਚ ਭਾਜਪਾ ਸਰਕਾਰ ਦੇ ਮੁੱਖ ਮੰਤਰੀ ਤੇ ਡੀਜੀਪੀ ਨੂੰ ਮਿਲ ਕੇ ਗੁਰੂ ਘਰ ਵਿੱਚ ਗੁੰਡਾਗਰਦੀ ਕਰਨ ਵਾਲਿਆਂ ਤੇ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕਰਵਾਉਣ ਦੀ ਲੋੜ ਤੇ ਜੋਰ ਦੇਵੇ ਤਾਂ ਕਿ ਅੱਗੇ ਤੋਂ ਕੋਈ ਅਜਿਹੀ ਘਟਨਾ ਨੂੰ ਅੰਜਾਮ ਨਾ ਦੇ ਸਕੇ। ਕਿਉਂਕਿ ਸਿੱਖਾਂ ਦੇ ਗੁਰਦੁਆਰਿਆਂ ਤੇ ਹਮਲਾ ਕਰਕੇ ਸਿੱਖਾਂ ਨੂੰ ਜ਼ਖ਼ਮੀ ਕਰਨਾ ਸਿੱਖ ਕੌਮ ਨੂੰ ਸਿੱਧੀ ਚੁਣੌਤੀ ਤੇ ਗੰਭੀਰ ਮੁੱਦਾ ਬਣ ਚੁੱਕਾ ਹੈ। ਜਿਸ ਨੂੰ ਜਲਦੀ ਹੱਲ ਕਰਨਾ ਸਮੇਂ ਅਤੇ ਲੋਕਾਂ ਦੀ ਮੁੱਖ ਮੰਗ ਹੈ।

# ਜੰਮੂ ਕਸ਼ਮੀਰ 'ਚ ਗੁਰਦੁਆਰਾ ਸਾਹਿਬ ਵਿਖੇ ਸਰੂਪਾਂ ਨੂੰ ਅਗਨ ਭੇਟ ਕਰਨ ਵਾਲੇ ਦੋਸ਼ੀ ਨੂੰ ਮੌਤ ਦੀ ਸਜ਼ਾ ਹੋਣੀ ਚਾਹੀਦੀ- ਏ.ਆਈ.ਐਸ.ਐਸ.ਐਫ. ਖਾਲਸਾ



ਰਣਜੀਤ ਸਿੰਘ ਮਸੌਣ ਅੰਮ੍ਰਿਤਸਰ ਅਕਾਲੀ ਭਾਜਪਾ ਸਰਕਾਰ ਦੇ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸ਼ੁਰੂ ਹੋਇਆ ਬੇਅਦਬੀ ਘਟਨਾਵਾਂ ਅਜੇ ਰੁਕਦੀਆਂ ਨਜ਼ਰ ਨਹੀਂ ਆ ਰਹੀਆਂ ਹਨ। ਸਰਕਾਰਾਂ ਦਾ ਬੇਅਦਬੀ ਘਟਨਾਵਾਂ ਨੂੰ ਰੋਕਣ ਲਈ ਕੋਈ ਵਿਸ਼ੇਸ਼ ਤੇ ਸਖ਼ਤ ਕਾਨੂੰਨ ਬਣਾਉਣਾ ਸਮੇਂ ਤੇ ਲੋਕਾਂ ਦੀ ਮੰਗ ਸੀ ਪਰ ਸਰਕਾਰ ਲੋਕਾਂ ਦੀ ਮੰਗ ਨੂੰ ਅਣਗੌਲਿਆਂ ਕੀਤਾ ਗਿਆ ਅਤੇ ਇਸ ਦੇ ਸਿੱਟੇ ਵਜੋਂ ਗੁਰਬਾਣੀ ਬੇਅਦਬੀ ਘਟਨਾਵਾਂ ਵਿੱਚ ਦਿੰਨ-ਬ-ਦਿਨ ਵਾਧਾ ਹੁੰਦਾ ਜਾ ਰਿਹਾ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਸਬੰਧੀ ਕੋਈ ਠੋਸ ਕਦਮ ਚੁੱਕਦੀ ਨਜ਼ਰ ਨਹੀਂ ਆ ਰਹੀ ਹੈ। ਇਸੇ ਕਰਕੇ ਜੰਮੂ ਕਸ਼ਮੀਰ ਦੇ ਸਾਂਬਾ ਸੈਕਟਰ ਦੇ ਗੁਰਦੁਆਰਾ ਸਿੰਘ ਸਭਾ ਵਿਖ ਮਨਜੀਤ ਸਿੰਘ ਬਿੱਲਾ ਨਾਂ ਦੇ ਵਿਅਕਤੀ ਵੱਲੋਂ ਸੁਖਆਸਨ ਵਾਲੇ ਕਮਰੇ ਵਿੱਚ ਪੰਜ ਸਰੂਪਾਂ ਨੂੰ ਅੱਗ ਲਗਾ ਕੇ ਬੇਅਦਬੀ ਕੀਤੀ, ਸਥਾਨਕ ਲੋਕਾਂ ਵੱਲੋਂ ਦੋਸ਼ੀ ਦਾ ਗੁਰੂਘਰ ਦੇ ਲਾਗੇ ਬਣੇ ਘਰ ਨੂੰ ਅੱਗ ਲਗਾਉਣ ਤੋਂ ਬਾਅਦ ਬੁਲਡੋਜਰ ਦੀ ਮੱਦਦ ਨਾਲ ਢਹਿ ਢੇਰੀ ਕਰ ਦਿੱਤਾ ਅਤੇ ਦੋਸ਼ੀ ਨੂੰ ਲੋਕਾਂ ਵੱਲੋਂ ਫ਼ੜ ਕੇ ਪੁਲਿਸ ਹਵਾਲੇ ਕਰ ਲਿਆ ਗਿਆ। ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੌਕੇ ਤੇ ਪਹੁੰਚ ਕੇ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਲਬ ਕੀਤਾ ਹੈ, ਕਿਉਂਕਿ ਪਤਾ ਲੱਗਾ ਕਿ ਘਟਨਾ ਸਮੇਂ ਗੁਰੂ ਘਰ ਦਾ ਸੇਵਾਦਾਰ ਜਾਂ ਪ੍ਰਬੰਧਕ ਮੌਜ਼ੂਦ ਨਹੀਂ ਸੀ। ਇਸ ਮੌਕੇ ਗੁਰੂਘਰਾਂ ਦੇ ਘੜੰਮ ਚੌਧਰੀਆਂ ਪ੍ਰਧਾਨਾਂ ਸੈਕਟਰੀਆਂ ਤੇ ਹੋਰ ਅਹੁੱਦੇਦਾਰਾਂ ਨੂੰ ਅਹੁੱਦੇ ਛੱਡ ਕੇ ਗੁਰੂ ਘਰਾਂ ਵਿੱਚ ਪਹਿਰਾ ਦੇਣ ਨੂੰ ਯਕੀਨੀ ਬਣਾਉਣ ਦੀ ਹਦਾਇਤ ਕੀਤੀ। ਇਸ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿੱਥੇ ਗੁਰਦੁਆਰਾ ਸਾਹਿਬ ਵਿਖੇ ਪੰਜ ਪਾਵਨ ਸਰੂਪਾਂ ਨੂੰ ਅੱਗ ਲਾ ਕੇ ਬੇਅਦਬੀ ਕਰਨ ਵਾਲੀ ਮੰਦਭਾਗੀ ਘਟਨਾ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਦੋਸ਼ੀ ਨੂੰ ਮੌਕੇ ਤੇ ਮੌਤ ਸਜ਼ਾ ਦੇਣ ਦੀ ਮੰਗ ਕਰਦੀ ਹੈ, ਕਿਉਂਕਿ ਗੁਰਬਾਣੀ ਦੀ ਬੇਅਦਬੀ ਦੇ ਦੋਸ਼ੀਆਂ ਲਈ ਵਰਤੇ ਜਾ ਰਹੇ ਢਿੱਲੇ ਕਾਨੂੰਨ ਦਾ ਕਰਕੇ ਅਜਿਹੇ ਦੋਸ਼ੀ ਛੁੱਟ ਜਾਂਦੇ ਹਨ। ਜਿਸ ਦੇ ਸਿੱਟੇ ਵੱਜੋਂ ਗੁਰਬਾਣੀ ਬੇਅਦਬੀਆਂ ਦੀਆਂ ਘਟਨਾਵਾਂ ਵਿੱਚ ਦਿਨ-ਬ-ਦਿਨ ਵਾਧਾ ਹੁੰਦਾ ਜਾ ਰਿਹਾ ਹੈ, ਜਿਸ ਨੂੰ ਰੋਕਣਾ ਸਮੇਂ ਅਤੇ ਲੋਕਾਂ ਦੀ ਮੁੱਖ ਮੰਗ ਹੈ।

ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆਂ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਜੰਮੂ ਕਸ਼ਮੀਰ ਦੇ ਸਾਂਬਾ ਸੈਕਟਰ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਇੱਕ ਵਿਅਕਤੀ ਵੱਲੋਂ ਪੰਜ ਪਾਵਨ ਸਰੂਪਾਂ ਨੂੰ ਅੰਗ ਲਾ ਕੇ ਬੇਅਦਬੀ ਕਰਨ ਵਾਲੀ ਘਟਨਾ ਦੀ ਨਿੰਦਾ ਕਰਦਿਆਂ ਕੀਤਾ, ਦੋਸ਼ੀ ਨੂੰ ਮੌਤ ਦੀ ਸਜ਼ਾ ਅਤੇ ਘਟਨਾ ਦੀ ਜਾਂਚ ਕਰਨ ਦੀ ਮੰਗ ਕਰਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਭਾਈ ਖਾਲਸਾ ਨੇ ਸਪੱਸ਼ਟ ਕੀਤਾ ਇਹ ਗੁਰਬਾਣੀ ਬੇਅਦਬੀ ਦੀਆਂ ਘਟਨਾਵਾਂ ਸਿੱਖ ਵਿਰੋਧੀ ਸਰਕਾਰੀ ਏਜੰਸੀਆਂ ਦੀ ਦੇਣ ਹੈ, ਇਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜ਼ੁਮੇਵਾਰੀ ਬਣਦੀ ਹੈ ਕਿ ਜਦੋਂ ਸਰਕਾਰਾਂ ਬੇਅਦਬੀ ਦੇ ਦੋਸ਼ੀਆਂ ਲਈ ਸਖ਼ਤ ਕਾਨੂੰਨ ਬਣਾਉਣ ਵਿੱਚ ਬੁਰੀ ਤਰ੍ਹਾਂ ਅਸਫ਼ਲ ਨਜ਼ਰ ਆ ਰਹੀਆਂ ਹਨ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੂਹ ਗੁਰਦੁਆਰਿਆਂ ਵਿੱਚ ਆਪਣੇ ਸੇਵਾਦਾਰਾਂ ਮੁਲਾਜ਼ਮਾਂ ਨੂੰ ਚੁਸਤ ਦਰੁਸਤ ਕਰੇ, ਜਿਹੜੀਆਂ ਪ੍ਰਬੰਧਕ ਦੀ ਨਿਗਰਾਨੀ ਹੇਠ ਬੇਅਦਬੀ ਘਟਨਾ ਹੋਵੇ ਉਹ ਸਾਰੀਆਂ ਕਮੇਟੀਆਂ ਤੇ ਵੱਡੀ ਕਾਰਵਾਈ ਕੀਤੀ ਜਾਵੇ ਤਾਂ ਹੀ ਬੇਅਦਬੀ ਘਟਨਾਵਾਂ ਨੂੰ ਰੋਕਿਆ ਜਾ ਸਕਦਾ। ਭਾਈ ਖਾਲਸਾ ਨੇ ਕਿਹਾ ਜੰਮੂ ਕਸ਼ਮੀਰ ਦੇ ਸਾਂਬਾ ਸੈਕਟਰ ਦੇ ਗੁਰਦੁਆਰਾ ਸਿੰਘ ਸਭਾ ਦੀ ਪ੍ਰਬੰਧਕ ਤੇ ਐਕਸ਼ਨ ਲੈਣਾ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸਹੀ ਸਟੈਂਡ ਹੈ। ਸਾਡੀ ਜੱਥੇਬੰਦੀ ਇਸ ਦਾ ਸਮੱਰਥਨ ਕਰਦੀ ਹੋਈ ਮੰਗ ਕਰਦੀ ਹੈ ਕਿ ਫ਼ੜੇ ਗਏ ਵਿਅਕਤੀ ਨੂੰ ਮੌਤ ਦੀ ਸਜ਼ਾ ਸੁਣਾਈ ਜਾਵੇ।

# ਸੁਪਰੀਮ ਕੋਰਟ ਦੇ ਹੁਕਮਾਂ ਦੀਆਂ ਸ਼ਰੇਆਮ ਬੈਕਾਂ ਵਾਲੇ ਰਿਕਵਰੀ ਦੇ ਨਾਂ ਉੱਪਰ ਉਡਾ ਰਹੇ ਧੱਜੀਆਂ- ਇੰਦਰਜੀਤ ਸਿੰਘ

## /ਐਕਟੀਵਾ/ ਗੱਡੀਆਂ ਰਸਤੇ 'ਚ ਖੋਹ ਕਰਨ ਵਾਲੇ ਗੁੰਡਿਆਂ ਤੇ ਹੋਣੇ ਚਾਹੀਦੇ ਮੁਕੱਦਮੇਂ ਦਰਜ਼ ਬੈਂਕ ਕਿਸ਼ਤ ਨਾ ਭਰਨ ਤੇ ਰਸਤੇ 'ਚ ਖੜ੍ਹੇ ਗੁੰਡਿਆਂ ਵੱਲੋਂ ਖੋਹੇ ਜਾਂ ਰਹੇ ਮੋਟਰਸਾਈਕਲ



ਰਣਜੀਤ ਸਿੰਘ ਮਸੌਣ ਜੋਗਾ ਸਿੰਘ ਰਾਜਪੂਤ ਅੰਮ੍ਰਿਤਸਰ ਮਹਿੰਗਾਈ ਨੇ ਇਸ ਸਮੇਂ ਮੱਧਵਰਗੀ ਅਤੇ ਗਰੀਬ ਪਰਿਵਾਰਾਂ ਦਾ ਜਿਊਣਾਂ ਦੁੱਭਰ ਕੀਤਾ ਹੋਇਆ ਹੈ। ਲੋਕਾਂ ਨੂੰ ਆਮਦਨ ਘੱਟ ਤੇ ਖ਼ਰਚਾ ਜ਼ਿਆਦਾ ਹੋਣ ਕਰਕੇ ਮਹਿੰਗਾਈ ਕਾਰਨ ਰੋਟੀ ਖ਼ਾਣ ਦੇ ਵੀ ਲਾਲੇ ਪਏ ਹੋਏ ਹਨ। ਅਮੀਰ ਲੋਕਾਂ ਦੀ ਸ਼ਾਨੋ ਸ਼ੌਂਕਤ ਵੇਖ ਗਰੀਬ ਆਦਮੀ ਵੀ ਕਿਸ਼ਤਾਂ ਤੇ ਚੀਜ਼ ਲੈ ਆਪਣੇ ਦਿਲ ਦੇ ਅਰਮਾਨ ਪੂਰੇ ਕਰਦਾ ਹੈ ਪਰ ਦਿਨੋਂ ਦਿਨ ਵੱਧਦੀ ਮਹਿੰਗਾਈ ਕਾਰਨ, ਉਹ ਹੋਰ ਕਰਜ਼ੇ ਵਿੱਚ ਡੁੱਬਦਾ ਜਾ ਰਿਹਾ ਹੈ ਅਤੇ ਕਰਜ਼ੇ ਦੇ ਬੋਝ ਤੋਂ ਦੁੱਖੀ ਹੋ ਕੇ ਕਈ ਲੋਕ ਆਤਮ ਹੱਤਿਆਂ ਵਰਗਾ ਖੋਫਨਾਕ ਕਦਮ ਵੀ ਚੁੱਕ ਚੁੱਕੇ ਹਨ। ਹਿਊਮਨ ਰਾਇਟਸ ਆਰਗਨਾਈਜੇਸ਼ਨ ਆਫ ਗਲੋਬਲ ਮੈਨੋਰਿਟਸ ਦੇ ਜਰਨਲ ਸਕੱਤਰ ਇੰਦਰਜੀਤ ਸਿੰਘ ਉਦਾਸੀਨ ਨੇ ਗੱਲਬਾਤ ਕਰਦਿਆਂ ਦੱਸਿਆਂ ਕਿ ਗਰੀਬ ਲੋਕਾਂ ਵੱਲੋਂ ਕਿਸ਼ਤਾਂ ਤੇ ਲਏ ਮੋਟਰਸਾਈਕਲ, ਐਕਟਿਵਾ ਅਤੇ ਕਾਰਾਂ ਦੇ ਨਾਂ ਉੱਪਰ ਕਿਸ਼ਤਾਂ ਦੀ ਰਿਕਵਰੀ ਕਰਨ ਲਈ 8 ਵੀ ਫੇਲ੍ਹ ਸੜਕ ਛਾਪ ਗੁੰਡੇ (ਰਿਕਵਰੀ ਏਜੰਸੀਆਂ) ਰੱਖੇ ਹੋਏ ਹਨ, ਜੋਂ ਕਿ ਗ਼ੈਰਕਾਨੂੰਨੀ ਹਨ। ਇਹ ਗੁੰਡਿਆਂ ਰਸਤੇ ਵਿੱਚ ਜਾਂਦੇ ਲੋਕਾਂ ਨੂੰ ਰੋਕ ਕੇ ਮੋਟਰਸਾਈਕਲ, ਐਕਟੀਵਾ ਜਾਂ ਗੱਡੀ ਦਾ ਨੰਬਰ ਬੈਂਕ ਵੱਲੋਂ ਸਥਾਪਿਤ ਕੀਤੀ ਗਈ ਇੱਕ ਐਪ ਦੇ ਜ਼ਰੀਏ ਸਕੈਨ ਕਰ ਕੇ ਰਸਤੇ ਵਿੱਚ ਰੋਕ ਕੇ ਗਰੀਬ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨ ਲੱਗ ਜਾਂਦੇ ਹਨ। ਜੋਂ ਕਿ ਬੈਂਕਾਂ ਨੇ ਕਿਸ਼ਤ ਰਿਕਵਰੀ ਲਈ ਆਮ ਪਬਲਿਕ ਨੂੰ ਤੰਗ ਪ੍ਰੇਸ਼ਾਨ ਕਰਨ ਦਾ ਨਵਾਂ ਗ਼ੈਰਕਾਨੂੰਨੀ ਤਰੀਕਾਂ ਬਣਾਇਆ ਹੋਇਆ ਹੈ। ਐਕਟਿਵਾ ਸਵਾਰ ਮੁੱਖ ਤੌਰ ਤੇ ਔਰਤਾਂ ਅਤੇ ਲੜਕੀਆਂ ਹੁੰਦੀਆਂ ਹਨ, ਇਹ ਰਸਤੇ ਵਿੱਚ ਰੋਕ ਕੇ ਇਹਨਾਂ ਸੜਕ ਛਾਪ ਗੁੰਡਿਆ ਵੱਲੋਂ ਵਿੱਚ ਬਜ਼ਾਰਾਂ ਦੇ ਬੇਜਤ ਕੀਤਾ ਜਾਂਦਾ ਹੈ ਅਤੇ ਪੰਜਾਬ ਪੁਲਿਸ ਦੇ ਮੁਲਾਜ਼ਮ ਕਾਨੂੰਨ ਤੋਂ ਅਣਜਾਣ ਹੋਣ ਕਰਕੇ ਕਈ ਥਾਵਾਂ ਤੇ ਮੂਕ ਦਰਸ਼ਕ ਬਣ ਕੇ ਵੇਖਦੇ ਰਹਿੰਦੇ ਹਨ ਜਾਂ ਇਹ ਕਹਿੰਦੇ ਵੀ ਸੁਣੇ ਹਨ ਕਿ ਬੈਂਕ ਦੀਆਂ ਕਿਸ਼ਤਾਂ/ਬਾਈਕ ਤੁਹਾਨੂੰ ਦੇਣੀ ਹੀ ਪੈਣੀ ਹੈ।

ਜੋਂ ਕਿ ਮਾਨਯੋਗ ਸੁਪਰੀਮ ਕੋਰਟ ਦੀਆਂ ਹਿਦਾਇਤਾਂ ਦੀ ਸ਼ਰੇਆਮ ਉਲੰਘਣਾਂ ਕੀਤੀ ਜਾਂਦੀ ਹੈ। ਗੋਰ ਕਰਨ ਵਾਲੀ ਗੱਲ ਇਹ ਹੈ ਕਿ ਨਾ ਤੇ ਇਹਨਾਂ ਕੋਲ ਕੋਈ ਆਈ-ਕਾਰਡ ਹੁੰਦਾ ਹੈ ਅਤੇ ਨਾ ਹੀ ਇਹਨਾਂ ਨੇ ਬੈਂਕ ਦੀ ਕੋਈ ਟ੍ਰੇਨਿੰਗ ਲੱਗਾ ਕਿ ਡੀ.ਆਰ.ਏ ਦਾ ਕੋਈ ਸਰਟੀਫ਼ਿਕੇਟ ਹੈ। ਰਾਹਗੀਰਾਂ ਨੂੰ 6-7 ਜਾਣੇ ਘੇਰਾ ਪਾ ਕੇ ਬੇਜ਼ਤ ਕਰਦੇ ਹਨ ਅਤੇ ਉਹਨਾਂ ਨੂੰ ਮੋਟਰਸਾਈਕਲ, ਐਕਟੀਵਾ ਧੱਕੇ ਨਾਲ ਖੋਹ ਕੇ ਲੈ ਜਾਂਦੇ ਹਨ ਜਾਂ ਛੱਡਣ ਦੇ ਨਾਮ ਤੇ ਲੋਕਾਂ ਕੋਲੋ ਮੋਟੇ ਪੈਸੇ ਵੀ ਵਸੂਲ ਦੇ ਹਨ। ਉਹਨਾਂ ਪੈਸਿਆਂ ਦੀ ਨਾ ਕੋਈ ਰਸੀਦ ਦਿੰਦੇ ਹਨ ਅਗਰ ਕੋਈ ਰਸੀਦ ਮੰਗਦਾ ਹੈ ਤੇ ਉਸ ਨੂੰ ਜ਼ਲੀਲ ਕਰਦੇ ਹਨ। ਜਦਕਿ ਸੁਪਰੀਮ ਕੋਰਟ ਅਤੇ ਆਰ.ਬੀ.ਆਈ ਦੀ ਰੂਲਿੰਗ ਮੁਤਾਬਿਕ ਕਿਸੇ ਦੀ ਚੀਜ਼ ਰਿਕਵਰੀ ਨਹੀਂ ਕੀਤੀ ਜਾ ਸਕਦੀ। ਅਗਰ ਕੋਈ ਕਿਸੇ ਵੀ ਕੰਪਨੀ ਐਨ.ਬੀ.ਆਫ਼.ਸੀ ਜਾ ਬੈਂਕ ਡਿਫੌਲਟਰ ਕਰਦਾ ਹੈ ਤੇ ਉਸ ਉੱਪਰ ਅਦਾਲਤ ਵਿੱਚ ਕੇਸ ਕਰਕੇ ਸੈਕਸ਼ਨ 9 ਦਾ ਆਰਡਰ ਜਾਂ ਫ਼ਿਰ ਸੈਕਸ਼ਨ 17 ਆਰਡਰ ਅਦਾਲਤ ਵੱਲੋਂ ਪਾਸ ਕਰਵਾਕੇ ਕੰਜ਼ਿਊਮਰ ਦੇ ਘਰ ਜਾਣ ਤੋਂ ਪਹਿਲਾਂ ਲੋਕਲ ਪੁਲਿਸ ਸਟੇਸ਼ਨ ਵਿੱਚ, ਬੈਂਕ ਜਾਂ ਸਬੰਧਿਤ ਕੰਪਨੀ ਵੱਲੋਂ ਇੰਟੀਮੇਸ਼ਨ ਲੈਟਰ ਦੇਣਾ ਬਹੁਤ ਜ਼ਰੂਰੀ ਹੁੰਦਾ ਹੈ। ਇਸ ਤੋਂ ਬਿਨਾਂ ਬੈਂਕ ਅਧਿਕਾਰੀ ਕਿਸੇ ਦੇ ਘਰ ਵਿਜ਼ਿਟ ਨਹੀਂ ਕਰ ਸਕਦਾ। ਪੁਲਿਸ ਸਟੇਸ਼ਨ ਤੋਂ ਇੱਕ ਮੁਲਾਜ਼ਮ ਨਾਲ ਲੈਕੇ ਕੋਈ ਵੀ ਵਾਹਨ ਕਬਜ਼ੇ ਵਿੱਚ ਲੈਕੇ ਮਾਣਯੋਗ ਅਦਾਲਤ ਵਿੱਚ ਰਿਪੋਰਟ ਕਰਨੀ ਜ਼ਰੂਰੀ ਹੁੰਦੀ ਹੈ।

ਲੇਕਿਨ ਇਹ ਗੁੰਡੇ ਸ਼ਰੇਆਮ ਰਸਤੇ ਵਿੱਚ ਕਿਸੇ ਨਾ ਕਿਸੇ ਨੂੰ ਰੋਕ ਕੇ ਬੇਜਤ ਕਰਦੇ ਹਨ। ਜੋ ਕਿ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਸ਼ਰੇਆਮ ਉਲੰਘਣਾ ਹੈ। ਰਸਤੇ ਵਿੱਚ ਕਿਸੇ ਲੜਕੀ ਜਾਂ ਔਰਤ ਨੂੰ ਰੋਕ ਕੇ ਪੈਸੇ ਮੰਗਣਾਂ ਕਾਨੂੰਨ ਦੀ ਕਿਹੜੀ ਕਿਤਾਬ ਵਿੱਚ ਲਿਖਿਆਂ ਹੈ। ਕਿਸੇ ਨੂੰ ਜਨਤਕ ਤੌਰ ਤੇ ਬੇਜਤ ਕਰਨਾ ਕਿ ਠੀਕ ਹੈ?

ਇੰਦਰਜੀਤ ਸਿੰਘ ਉਦਾਸੀਨ ਵੱਲੋਂ ਇੱਕ ਸ਼ਿਕਾਇਤ ਆਰਬੀਆਈ ਗਵਰਨਰ ਅਤੇ ਇੱਕ ਸ਼ਿਕਾਇਤ ਆਈ.ਐਮ ਬਟਸ ਮੈਨ ਨੂੰ ਵੀ ਕੀਤੀ ਜਾਵੇਗੀ ਅਤੇ ਪੁਲਿਸ ਪ੍ਰਸ਼ਾਸ਼ਨ ਨੂੰ ਅਪੀਲ ਕੀਤੀ ਜਾਂਦੀ ਹੈ ਇਹਨਾਂ ਸੜਕ ਛਾਪ ਗੁੰਡਿਆ ਨੂੰ ਨੱਥ ਪਾਈ ਜਾਵੇ। ਜੋਂ ਕਿ ਸ਼ਹਿਰ ਦੇ ਵੱਖ-ਵੱਖ ਰਸਤਿਆਂ ਤੇ ਆਪਣੇ 6-7 ਬੰਦਿਆ ਦਾ ਗਰੁੱਪ ਬਣਾ ਕੇ ਖੜ੍ਹੇ ਰਹਿੰਦੇ ਹਨ ਤੇ ਆਉਣ ਜਾਣ ਵਾਲੇ ਲੋਕਾਂ ਨੂੰ ਨਜਾਇਜ਼ ਤੰਗ ਪ੍ਰੇਸ਼ਾਨ ਕਰਦੇਂ ਹਨ। ਪੰਜਾਬ ਪੁਲਿਸ ਨੂੰ ਰਿਕਵਰੀ ਬਣੇਂ ਗੁੰਡਿਆਂ ਤੇ ਮੋਟਰਸਾਈਕਲ, ਐਕਟਿਵਾ ਜਾਂ ਗੱਡੀ ਖੋਹਣ ਦਾ ਕਾਨੂੰਨ ਅਨੁਸਾਰ ਮੁਕੱਦਮਾਂ ਦਰਜ ਕਰਨਾ ਚਾਹੀਦਾ ਹੈ ਪਰ ਇਹ ਜਿੰਨੇਂ ਦੇ (ਏਜੰਸੀ) ਪਾਲੇ ਇਹ ਗੁੰਡੇ ਲੋਕਾਂ ਨੂੰ ਨਜਾਇਜ਼ ਤੰਗ ਪ੍ਰੇਸ਼ਾਨ ਕਰਦੇ ਹਨ, ਉਹ ਅਪਣਾ ਸਿਆਸੀ ਪਹੁੰਚ ਵਰਤ ਕੇ ਥਾਣਿਆਂ ਵਿੱਚ ਗਰੀਬ ਲੋਕਾਂ ਨੂੰ ਹੀ ਨੀਵਾਂ ਦਿਖਾਕੇ ਬੇਜਤ ਕਰਦੇ ਹਨ।

ਇਹਨਾਂ (ਗੁੰਡਾ ਕੰਪਨੀਆਂ) ਰਿਕਵਰੀ ਏਜੰਸੀਆਂ ਤੇ ਰੋਕ ਲੱਗਣੀ ਚਾਹੀਦੀ ਹੈ, ਜੋ ਕਾਨੂੰਨ ਨੂੰ ਛਿੱਕੇ ਟੰਗ ਗ਼ੈਰਕਾਨੂੰਨੀ ਤਰੀਕੇ ਨਾਲ ਕਿਸੇ ਦੇ ਘਰ, ਗਲੀ ਜਾਂ ਬਜ਼ਾਰ ਵਿੱਚ ਖੜ ਕੇ ਗਰੀਬ ਲੋਕਾਂ ਨੂੰ ਗਾਲੀ ਗਲੋਚ ਕਰਦੇ ਹਨ। ਬਿਨਾਂ ਕਿਸੇ ਕਾਨੂੰਨੀ ਨੋਟਿਸ ਤੋਂ ਬਿਨਾਂ ਆਈ-ਕਾਰਡ ਤੋਂ ਇਸ ਤਰ੍ਹਾਂ ਦੇ ਏਜੰਟਾਂ ਨੂੰ ਨੱਥ ਪਾਉਣੀ ਬਹੁਤ ਜ਼ਰੂਰੀ ਹੈ। ਕਿਉਂਕਿ ਬੈਂਕ ਅਤੇ ਕੋਈ ਕੰਪਨੀ ਸੁਪਰੀਮ ਕੋਰਟ ਦੀ ਰੂਲਿੰਗ ਦੇ ਮੁਤਾਬਕ ਕਿਸੇ ਤੇ ਵੀ ਪ੍ਰਾਈਵੇਟ ਦਖ਼ਲ ਨਹੀਂ ਦੇ ਸਕਦੀ। ਜਨਤਕ ਤੌਰ ਤੇ ਕਿਸੇ ਨੂੰ ਵੀ ਬੇਇੱਜ਼ਤ ਕਰਨ ਤੇ ਐਨਬੀਐਫਸੀ ਕੰਪਨੀ ਦੇ ਖਿਲਾਫ਼ ਜਾਂ ਬੈਂਕ ਦੇ ਖਿਲਾਫ਼ ਡੈਫਾਮੇਸ਼ਨ ਦਾ ਕੇਸ ਬਣਦਾ ਹੈ। ਅਗਰ ਕਿਸੇ ਨੂੰ ਜਾਣਕਾਰੀ ਨਹੀਂ ਤਾਂ ਉਹ ਸਾਡੀ ਸੰਸਥਾਂ ਨਾਲ ਸੰਪਰਕ ਕਰ ਸਕਦਾ ਹੈ। ਕਿਉਂਕਿ ਇਹ ਆਰਬੀਆਈ ਅਤੇ ਮਾਨਯੋਗ ਸੁਪਰੀਮ ਕੋਰਟ ਦੀ ਰੂਲਿੰਗ ਦੇ ਵਿੱਚ ਮੌਜ਼ੂਦ ਹੈ ਕਿ ਕਿਸੇ ਨੂੰ ਜਨਤਕ ਤੌਰ ਤੇ ਬੇਇੱਜ਼ਤ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕਾਨੂੰਨ ਮੁਤਾਬਕ ਕਿਸੇ ਕੋਲੋ ਕਿਸ਼ਤ ਡਿਫਾਲਟਰ ਹੋਣ ਤੇ ਮੋਟਰਸਾਈਕਲ, ਐਕਟਿਵਾ ਜਾਂ ਗੱਡੀ ਕੋਈ ਖੋਹ ਨਹੀਂ ਸਕਦਾ ਹੈ ਅਤੇ ਨਾ ਹੀ ਧੱਕੇ ਨਾਲ ਕਿਸ਼ਤ ਲੈ ਸਕਦਾ ਹੈ।

# ਸਿੱਖ ਐਜੂਕੇਸ਼ਨਲ ਸੁਸਾਇਟੀ ਚੰਡੀਗੜ੍ਹ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਸ਼੍ਰੋਮਣੀ ਕਮੇਟੀ ਨੂੰ ਦਿੱਤਾ 10 ਲੱਖ ਰੁਪਏ ਦੀ ਰਾਸ਼ੀ ਦਾ ਚੈੱਕ



ਰਣਜੀਤ ਸਿੰਘ ਮਸੌਣ ਜੋਗਾ ਸਿੰਘ ਰਾਜਪੂਤ ਅੰਮ੍ਰਿਤਸਰ, 10 ਅਕਤੂਬਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਲਈ ਕੀਤੇ ਜਾ ਰਹੇ ਕਾਰਜਾਂ ਵਿੱਚ ਸਹਿਯੋਗ ਲਈ ਸਿੱਖ ਐਜੂਕੇਸ਼ਨਲ ਸੁਸਾਇਟੀ ਚੰਡੀਗੜ੍ਹ ਵੱਲੋਂ ਸ਼੍ਰੋਮਣੀ ਕਮੇਟੀ ਨੂੰ 10 ਲੱਖ ਰੁਪਏ ਦਾ ਚੈੱਕ ਸੌਂਪਿਆ ਗਿਆ। ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਪ੍ਰਧਾਨ ਸ. ਗੁਰਦੇਵ ਸਿੰਘ ਸਾਬਕਾ ਆਈ .ਏ.ਐਸ ਅਤੇ ਕਾਰਜਕਾਰਨੀ ਕਮੇਟੀ ਨੇ ਇਹ ਚੈੱਕ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਭੇਜ ਕੇ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਦੀ ਪ੍ਰਸ਼ੰਸਾ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬਹੁਤ ਸਾਰੀਆਂ ਸੰਗਤਾਂ ਅਤੇ ਸੰਸਥਾਵਾਂ ਹੜ੍ਹ ਪੀੜਤਾਂ ਦੀ ਸਹਾਇਤਾਂ ਲਈ ਚੱਲ ਰਹੇ ਕਾਰਜਾਂ ਵਿੱਚ ਸਹਿਯੋਗ ਕਰ ਰਹੀਆਂ ਹਨ , ਜਿਨ੍ਹਾਂ ਦਾ ਉਹ ਧੰਨਵਾਦ ਕਰਦੇ ਹਨ । ਉਨ੍ਹਾਂ ਕਿਹਾ ਕਿ ਹੁਣ ਕਿਸਾਨਾਂ ਦੀਆਂ ਫ਼ਸਲਾਂ ਦੀ ਬਿਜਾਈ ਵਾਸਤੇ ਡੀਜ਼ਲ ਅਤੇ ਕਣਕ ਦੇ ਮਿਆਰੀ ਬੀਜ਼ ਦੀ ਜ਼ਰੂਰਤ ਹੈ, ਜਿਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਯਤਨ ਕੀਤੇ ਜਾ ਰਹੇ ਹਨ। ਐਡਵੋਕੇਟ ਧਾਮੀ ਨੇ ਸਿੱਖ ਐਜੂੁਕੇਸ਼ਨਲ ਸੁਸਾਇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਸੰਗਤਾਂ ਵੱਲੋਂ ਦਿੱਤੀ ਮਾਇਆ ਨਾਲ ਲੋੜਵੰਦਾਂ ਦੀ ਹਰ ਸੰਭਵ ਸਹਾਇਤਾ ਲਈ ਯਤਨਸ਼ੀਲ ਰਹੇਗੀ।ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਓਐਸਡੀ ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਇੰਜੀਨੀਅਰ ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸਾਹਬਾਜ਼ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ ਅਤੇ ਹੋਰ ਮੌਜ਼ੂਦ ਸਨ।


## ਹੜ੍ਹ ਪ੍ਰਭਾਵਿਤ ਲੋਕਾਂ ਲਈ ਅੱਗੇ ਆਓ

(1) 1 ਅਪ੍ਰੈਲ 2025 ਤੋਂ ਫੋਟੋ 3100 ਰੁ. ਜਾਂ ਵੱਧ ਦੇਣ ਵਾਲੀ ਦੀ ਛਾਪੀ ਜਾਵੇਗੀ।

(2) ਨਗਦ ਅਤੇ ਡਰਾਫਟ ਦਫਤਰ 'ਚ 11 AM ਤੋਂ 8 PM ਤੱਕ ਦਿਓ।

(3) NEFT ਲਈ ਸਟੇਟ ਬੈਂਕ ਆਫ ਇੰਡੀਆ, ਤ੍ਰਿਪੜੀ ਪਟਿਆਲਾ, A/C No. 38112618259, IFSC Code : SBIN0011586.

(4) ਦਾਨੀ ਸੱਜਣ ਰਕਮ ਟ੍ਰਾਂਸਫਰ ਕਰਕੇ 98762-97268 ਜਾਂ 98557-32101 'ਤੇ ਵ੍ਹਟਸਐਪ ਕਰਨ ਅਤੇ ਆਪਣਾ ਆਧਾਰ ਨੰਬਰ ਜਾਂ ਪੈਨ ਨੰਬਰ ਨਾਲ ਜਰੂਰ ਭੇਜਣ।

ਸ਼ਹੀਦ ਪਰਿਵਾਰਾਂ ਦੇ ਫੰਡ ਲਈ ਸਹਾਇਤਾ ਇੱਥੇ ਭੇਜੋ:
SHRI HARKRISHAN CHARITABLE SOCIETY
SCO No. 976, Street No. 7, Opp. SBI Bank,
Tripuri, Patiala - 14701